## ਪੁਸਤਕ ਨੂੰ ਕਿਸ ਤਰਾਂ ਇਸਤੇਮਾਲ ਕਰੀਏ?

1. ਹਰੇਕ ਸਭਾ ਨੂੰ ਇੱਕ ਵਿਸ਼ੇਸ ਪਰਾਥਨਾ ਨਾਲ ਸ਼ੁਰੂ ਕਰੀਏ- ਪ੍ਰਭੂ ਨੂੰ ਅਰਦਾਸ ਕਰਦੇ ਹੋਏ ਕਿ ਕਹਾਣੀਆਂ ਦੇ ਲਈ ਉਹ ਸਮਝ ਪਰਦਾਨ ਕਰੇ।
2. ,ਸਭਾ ਵਿੱਚ ਹਿੱਸਾ ਲੈਣ ਵਾਲਿਆਂ ਦੇ ਵਿੱਚ ਕਹਾਣੀਆਂ ਨੂੰ ਪੜ੍ਹੀਏ ਅਤੇ ਜੇਕਰ ਇਹਨਾਂ ਦੀਆਂ ਕਾਪੀਆਂ ਹੋਣ ਤਾਂ ਇੰਨਡਾਇਰੈਕਟ ਮੈਥਡ ਦਾ ਪ੍ਰਯੋਗ ਕਰਕੇ ਇੱਕ ਸਾਰ ਮਿਲ ਕੇ ਪੜ੍ਹੀਏ।
3. ਕਹਾਣੀ ਦੇ ਅੰਤ ਵਿੱਚ ਅਗੁਵੇ ਨੂੰ ਮੁੱਖ ਪ੍ਰਸ਼ਨ ਪੁੱਛਣੇ ਚਾਹੀਦੇ ਹਨ। ਇਹਨਾਂ ਪ੍ਰਸ਼ਨਾਂ ਦਾ ਉਦੇਸ਼ ਕਹਾਣੀ ਦੇ ਪ੍ਰਤਿ ਸਮਝ ਦਾ ਪਤਾ ਲਗਾਉਣਾ ਹੈ ਨਾ ਕਿ ਸਮਝ ਨੂੰ ਖਿੱਚਣਾ ਅਤੇ ਵਾਦ ਵਿਵਾਦ ਕਰਨਾ।
4. ਆਤਮਿਕ ਸੱਚਾਈਆਂ ਨੂੰ ਪੜ੍ਹੋ।ਗਰੁੱਪ ਦੇ ਸਹਿਭਾਗੀਆਂ ਨੂੰ ਆਜ਼ਾਦੀ ਦਿੱਤੀ ਜਾਵੇ ਕਿ ਉਹ ਖੁਲ੍ਹ ਕੇ ਬਹਿਸ ਕਰ ਸਕਣ।ਸਾਵਧਾਨ ਰਹੀਏ ਕਿ ਕਦੇ ਵੀ ਕਿਸੇ ਦੇ ਨਾਲ ਬਹਿਸ ਅਤੇ ਵਾਦ ਵਿਵਾਦ ਨਾ ਕਰੀਏ।ਇਸ ਬਿੰਦੂ ਉੱਤੇ ਸਹਿਭਾਗੀਆਂ ਦੇ ਲਈ ਜ਼ਰੂਰੀ ਨਹੀ ਕਿ ਉਹ ਆਤਮਿਕ ਸੱਚਾਈਆਂ ਲਈ ਸਹਿਮਤ ਹੋਣ ਅਤੇ ਉਨ੍ਹਾਂ ਨੂੰ ਸਵੀਕਾਰ ਕਰਨ।ਮਹੱਤਵਪੂਰਨ ਕੇਵਲ ਇਹ ਹੈ ਉਹ ਸੱਚ ਨੂ ਸਮਝ ਸਕਣ ਜੋ ਪਰਮੁਸ਼ਰ ਦੇ ਵਚਨ ਵਿੱਚ ਦੱਸਿਆ ਗਿਆ ਹੈ।
5. ਆਤਮਿਕ ਸੱਚਾਈਆਂ ਦੇ ਬਾਅਦ ਸਮਾਂ ਕੱਢੀਏ ਕਿ ਹਰੇਕ ਵਿਅਕਤੀ "ਗਰੁੱਪ" ਦੇ ਨਾਲ ਆਪਣੀਆਂ ਜ਼ਰੂਰਤਾਂ ਅਤੇ ਅਰਦਾਸਾਂ ਦੀਆਂ ਬੇਨਤੀਆਂ ਵੰਡ ਸਕੇ।
6. " ਗਰੁੱਪ" ਦੇ ਹਰੇਕ ਸਹਿਭਾਗੀ ਦੇ ਲਈ ਅਤੇ ਉਹਨਾਂ ਦੀਆਂ ਜ਼ਰੂਰਤਾਂ ਦੇ ਲਈ ਵਿਸ਼ੇਸ ਅਰਦਾਸ ਕੀਤੀ ਜਾਵੇ। ਜਿਸ ਤਰਾਂ ਗਰੁਪ ਅੱਗੇ ਵੱਧਦਾ ਹੈ ਅਤੇ ਲੋਕ ਪ੍ਰਭੂ ਨੂੰ ਸਵੀਕਾਰ ਕਰਦੇ ਹਨ।ਸਹਿਭਾਗੀ ਜਨ ਵਿਚੋਲਗੀ ਦੀ ਅਰਦਾਸ ਵਿੱਚ ਹਰੇਕ ਦੇ ਲਈ ਅਰਦਾਸ ਕਰਨ।

# ਯਿਸੂ ਦਾ ਸੁਭ ਸੰਦੇਸ਼
# "ਯਿਸੂ ਦਾ ਜਨਮ" -ਪਾਠ 1

*ਮੱਤੀ 1-2*

*" ਇਸ ਤਰਾਂ ਅਬਰਾਹਾਮ ਅਤੇ ਦਾਊਦ ਤੱਕ 14 ਪੀੜ੍ਹੀਆਂ ਹੋਈਆਂ ਦਾਊਦ ਦੇ ਸਮੇਂ ਤੋਂ ਬਾਬਲ ਤੱਕ 14 ਪੀੜ੍ਹੀਆਂ ਹੋਈਆਂ" : ਮੱਤੀ 1:17*

ਇੱਕ ਯਹੂਦੀ ਇਸਤਰੀ, ਬਿਨਾਂ ਯੋਨ ਸੰਬੰਧ ਦੇ ਗਰਭਵਤੀ ਹੋਈ ਕਿਉਂਕਿ ਉਹ ਪਵਿੱਤਰ ਆਤਮਾ ਤੋਂ ਗਰਭਵਤੀ ਹੋਈ। ਉਸ ਦੇ ਮੰਗੇਤਰ ਨੇ ਧਰਮੀ ਹੋਣ ਦੇ ਕਾਰਨ ਨਹੀਂ ਚਾਹਿਆ ਕੇ ਸਮਾਜ ਵਿੱਚ ਮਰੀਅਮ ਨੂੰ ਨੀਚ ਦਿੱਖਣਾ ਪਵੇਂ, ਉਸਨੇ ਚੁੱਪ ਚਾਪ ਇਹ ਫੈਸਲਾ ਲਿਆ ਕਿ ਉਹ ਆਪਣੀ ਮੰਗਣੀ ਤੋੜ੍ਹ ਦੇਵੇਗਾ। ਉਸ ਰਾਤ ਜਦ ਉਹ ਇਸ ਤਰ੍ਹਾਂ ਫੈਸਲਾ ਲੈਣ ਵਾਲਾ ਸੀ ਤਾਂ ਪ੍ਰਭੂ ਦੇ ਇੱਕ ਦੂਤ ਨੇ ਉਸ ਨੂੰ ਸੁਫਨੇ ਵਿੱਚ ਦਰਸ਼ਨ ਦਿੱਤਾ ਅਤੇ ਬੋਲਿਆਂ " ਹੇ ਯੂਸੁਫ , ਦਾਊਦ ਦੇ ਪੁੱਤਰ, ਤੂੰ ਮਰੀਅਮ ਨੂੰ ਆਪਣੀ ਪਤਨੀ ਬਣਾਉਣ ਤੋ ਨਾ ਡਰ, ਕਿਉਂਕਿ ਜੋ ਉਸ ਦੇ ਗਰਭ ਵਿੱਚ ਹੈ, ਉਹ ਪਵਿੱਤਰ ਆਤਮਾ ਤੋਂ ਹੈ।ਉਹ ਪੁੱਤਰ ਨੂੰ ਜਨਮ ਦੇਵੇਗੀ ਤੂੰ ਉਸ ਦਾ ਨਾਮ "ਯਿਸ਼ੂ" ਰੱਖਣਾ ,ਕਿਉਂਕਿ ਉਹ ਆਪਣੇ ਲੋਕਾਂ ਦਾ ਉਹਨਾਂ ਦੇ ਪਾਪਾਂ ਤੋਂ ਉਧਾਰ ਕਰੇਗਾ।ਕਿਉਂਕਿ ਮਰੀਅਮ ਉਹ ਇਸਤਰੀ ਸੀ ਜਿਸ ਦੇ ਬਾਰੇ ਵਿੱਚ ਯਸਾਯਾਹ ਨਬੀ ਨੇ ਪੁਰਾਣੇ ਨਿਯਮ ਵਿੱਚ ਪਹਿਲਾ ਤੋਂ ਕਿਹਾ ਸੀ, " ਵੇਖੋ ਇੱਕ ਕੁਵਾਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਸ ਦਾ ਨਾਮ "ਇਮਾਨੂੰਏਲ" ਰੱਖਣਗੇ ਇਸ ਦਾ ਅਰਥ ਹੈ" ਪਰਮੇਸ਼ੁਰ ਸਾਡੇ ਨਾਲ"।

ਯੂਸੂਫ ਆਪਣੇ ਸੁਫਨੇ ਤੋਂ ਜਾਗ ਉੱਠਿਆਂ, ਅਤੇ ਉਸਨੇ ਸਵਰਗਦੂਤ ਦੀ ਆਗਿਆ ਮੰਨ ਕੇ ਮਰੀਅਮ ਨਾਲ ਵਿਆਹ ਕਰ ਲਿਆ। ਜਦੋਂ ਤੱਕ ਬਾਲਕ ਦਾ ਜਨਮ ਨਾ ਹੋਇਆ ਉਦੋਂ ਤਕ ਉਸਨੇ ਉਸ ਦੇ ਨਾਲ ਸ਼ਰੀਰਕ ਸੰਬੰਧ ਨਹੀਂ ਬਣਾਏ। ਜਿਸ ਤਰਾਂ ਸਵਰਗਦੂਤ ਨੇ ਕਿਹਾ ਸੀ, ਉਸ ਦੇ ਅਨੁਸਾਰ, ਯੂਸੂਫ ਨੇ ਬਾਲਕ ਦਾ ਨਾਮ ਯਿਸੂ ਰੱਖਿਆ। ਅਤੇ ਯਿਸੂ ਦਾ ਜਨਮ ਬੈਤਲਹਮ ਨਗਰ ਵਿੱਚ ਹੋਇਆ।ਬੈਤਹਲਮ ਇਸਰਾਏਲ ਦੇਸ ਦੇ ਯਹੂਦੀਆਂ ਪ੍ਰਾਂਤ ਦਾ ਇੱਕ ਨਗਰ ਹੈ, ਅਤੇ ਯਹੂਦੀਆਂ ਦੇ ਰਾਜੇ ਦਾ ਨਾਮ ਹੇਰੋਦੇਸ ਸੀ। ਜਦੋਂ ਪੂਰਬ ਤੋਂ ਕੁਝ ਗਿਆਨੀ ਤਾਰੇ ਦਾ ਪਿੱਛਾ ਕਰਦੇ ਹੋਏ ਯਹੂਦੀਆਂ ਪਹੁੰਚੇ ।

ਗਿਆਨੀਆਂ ਦੇ ਅਨੁਸਾਰ ਉਹ ਤਾਰਾ ਇਸ ਗੱਲ ਦਾ ਚਿੰਨ੍ਹ ਸੀ ਕਿ ਯਹੂਦੀਆਂ ਵਿੱਚ ਕਿਸੀ ਰਾਜੇ ਦਾ ਜਨਮ ਹੋਣਾ ਸੀ।ਇਸ ਲਈ ਉਹ ਸਭ ਤੋਂ ਪਹਿਲਾ ਹੇਰੋਦੇਸ ਦੇ ਮਹਿਲ ਵਿੱਚ ਪਹੁੰਚੇ , ਜੋ ਯਹੂਦੀਆਂ ਪ੍ਰਾਤ ਦਾ ਰਾਜਾ ਸੀ।ਅਤੇ ਪੁੱਛਣ ਲੱਗੇ , " ਯਹੂਦੀਆਂ ਦੇ ਨਵੇ ਰਾਜੇ ਦਾ ਜਨਮ ਕਿੱਥੇ ਹੋਇਆ ਹੈ।"
ਹੇਰੋਦੇਸ ਉਨ੍ਹਾਂ ਦੀ ਗੱਲ ਸੁਣ ਕੇ ਬਹੁਤ ਗੁੱਸੇ ਵਿੱਚ ਆ ਗਿਆ ਅਤੇ ਫਿਰ ਉਸਨੇ ਧਾਰਮਿਕ ਸਲਾਹਕਾਰਾਂ ਅਤੇ ਜਾਜਕਾਂ ਦੀ ਇੱਕ ਗੁਪਤ ਮੀਟਿੰਗ ਰੱਖੀ। ਜਾਜਕਾਂ ਨੇ ਰਾਜਾ ਨੂੰ ਦੱਸਿਆ ਕਿ ਧਰਮ ਸ਼ਾਸਤਰ ਅਨੁਸਾਰ ਵਾਚਾ ਕੀਤੇ ਗਏ ਬਾਲਕ ਦਾ ਜਨਮ ਬੈਤਹਲਮ ਨਗਰ ਵਿੱਚ ਹੋਣਾ ਚਾਹੀਦਾ।ਫਿਰ ਹੇਰੋਦੇਸ ਗਿਆਨੀਆਂ ਕੋਲ ਗਿਆ ਅਤੇ ਉਨ੍ਹਾਂ ਕੋਲੋ ਪੁੱਛਿਆ ਕਿ ਸਭ ਤੋਂ ਪਹਿਲਾ ਤਾਰਾ ਉਹਨਾਂ ਨੇ ਕਦੋਂ ਦੇਖਿਆ।ਇਹ ਉਸ ਨੇ ਇਸ ਲਈ ਪੁੱਛਿਆ ਕੇ ਉਹ ਬਾਲਕ ਦੇ ਪੈਦਾ ਹੋਣ ਦੀ ਮਿਤੀ ਜਾਣ ਸਕੇ ਅਤੇ ਬਾਲਕ ਦੀ ਉੱਮਰ ਪਤਾ ਲੱਗ ਜਾਵੇ।
ਹੇਰੋਦੇਸ ਨੇ ਗਿਆਨੀਆਂ ਨੂੰ ਦੱਸਿਆ ਕਿਹੜੇ ਨਗਰ ਵਿੱਚ ਬਾਲਕ ਦਾ ਜਨਮ ਹੋਣਾ ਸੀ ਅਤੇ ਇਹ ਵੀ ਕਿਹਾ," ਜਾਵੋਂ ਅਤੇ ਧਿਆਨ ਨਾਲ ਉਸ ਬਾਲਕ ਨੂੰ ਲੱਭੋ" ਜਦੋਂ ਉਹ ਤੁਹਾਨੂੰ ਲੱਭ ਪਵੇ, ਮੈਨੂੰ ਦੱਸੋ ਤਾਂ ਮੈਂ ਵੀ ਉਸ ਦੀ ਉਪਾਸਨਾ ਕਰ ਸਕਾਂ"
ਫਿਰ ਉਹ ਮਹਿਲ ਛੱਡ ਕੇ ਤਾਰੇ ਦਾ ਪਿੱਛਾ ਕਰਦੇ ਹੋਏ ਬੈਤਹਲਮ ਪਹੁੰਚੇ, ਅਤੇ ਤਾਰਾ ਉਸ ਜਗ੍ਹਾ ਤੇ ਠਹਿਰਿਆ ਹੋਇਆ ਸੀ ਜਿੱਥੇ ਬਾਲਕ ਦਾ ਜਨਮ ਹੋਇਆ ਸੀ।ਉਹ ਘਰ ਦੇ ਅੰਦਰ ਗਏ ਜਦੋਂ ਉਨ੍ਹਾਂ ਨੇ ਬਾਲਕ ਨੂੰ ਉਹਦੀ ਮਾਂ ਮਰੀਅਮ ਦੇ ਨਾਲ ਵੇਖਿਆ । ਉਹਨਾਂ ਨੇ ਝੁਕ ਕੇ ਉਸ ਦੀ ਅਰਾਧਨਾ ਕੀਤੀ
ਅਤੇ ਕੀਮਤੀ ਉਪਹਾਰ, ਸੋਨਾ, ਮੁਰ ਅਤੇ ਗੰਧਰਸ ਦੀ ਭੇਟ ਚੜ੍ਹਾਈ। ਉਹ ਸਭ ਗਿਆਨੀ ਉਸ ਸਥਾਨ ਤੋਂ ਆਪਣੇ ਘਰਾਂ ਨੂੰ ਵਾਪਸ ਚਲੇ ਗਏ। ਇਸ ਤੋਂ ਪਹਿਲਾਂ ਕਿ ਉਹ ਉਸ ਥਾਂ ਤੋਂ ਨਿਕਲਦੇ ਉਹਨ੍ਹਾਂ ਨੇ ਇੱਕ ਸੁਫਨਾ ਦੇਖਿਆਂ ਕੀ ਉਹ ਹੇਰੋਦੇਸ ਦੇ ਕੋਲ ਵਾਪਸ ਨਾ ਜਾਣ ਨਾ ਹੀ ਉਹ ਉਸ ਨੂੰ ਦੱਸਣ ਕੀ ਬਾਲਕ ਨੇ ਇਥੇ ਜਨਮ ਲਿਆ ਹੈ। ਫਿਰ ਉਹ ਦੂਸਰੇ ਰਸਤਿਆਂ ਤੋਂ ਵਾਪਸ ਆਪਣੇ ਘਰਾ ਨੂੰ ਚਲੇ ਗਏ।
ਉਹਨਾਂ ਦੇ ਵਾਪਿਸ ਘਰ ਚਲੇ ਜਾਣ ਤੋਂ ਬਾਦ ਯੂਸੁਫ ਨੇ ਇੱਕ ਹੋਰ ਸੁਫਨਾ ਵੇਖਿਆ। ਸੁਫਨੇ ਵਿੱਚ ਪਰਮੇਸ਼ੁਰ ਨੇ ਯੁਸੁਫ ਨੂੰ ਸਾਵਧਾਨ ਕੀਤਾ ਕਿ ਰਾਜਾ ਹੇਰੋਦੇਸ ਇਸ ਬਾਲਕ ਦਾ ਪਿੱਛਾ ਕਰੇਗਾ ਇਸ ਲਈ ਉਹ ਮਿਸਰ ਚਲੇ ਜਾਣ। ਅਤੇ ਉਸ ਰਾਤ ਹੀ ਉਹ ਆਪਣੇ ਪਰਿਵਾਰ ਨੂੰ ਲੈ ਕੇ ਮਿਸਰ ਚਲਾ ਗਿਆ ਅਤੇ ਹੇਰੋਦੇਸ ਦੇ ਮਰਨ ਤੱਕ ਉਥੇ ਹੀ ਰਿਹਾ।ਇਹ ਗੱਲ ਭਵਿੱਖਬਾਣੀ ਦੁਵਾਰਾ ਪੂਰੀ ਹੁੰਦੀ ਹੈ ਜੋ ਨਬੀ ਦੁਆਰਾ ਕਹੀ ਗਈ ਸੀ ਕਿ " ਮੈਂ ਆਪਣੇ ਪੁੱਤਰ ਨੂੰ ਮਿਸਰ ਤੋਂ ਬੁਲਾਵਾਂਗਾ"
ਜਦੋਂ ਹੇਰੋਦੇਸ ਨੂੰ ਪਤਾ ਲੱਗਾ ਕਿ ਗਿਆਨੀਆਂ ਨੇ ਉਸ ਨਾਲ ਧੋਖਾ ਕੀਤਾ ਹੈ ਤਾ ਉਹ ਬਹੁਤ ਗੁੱਸੇ ਵਿੱਚ ਆ ਗਿਆ ਅਤੇ ਉਸ ਨੇ ਘੋਸ਼ਣਾ ਕੀਤੀ ਕਿ ਜਿੰਨੇ ਵੀ ਦੋ ਸਾਲ ਦੇ ਬਾਲਕ ਹਨ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ।ਅਤੇ ਬੈਤਹਲਮ ਅਤੇ ਉਨ੍ਹਾਂ ਦੇ ਨੇੜ੍ਹੇ ਦੇ ਨਗਰਾਂ ਵਿੱਚ ਛੋਟੇ ਛੋਟੇ ਬਾਲਕਾਂ ਦੀ ਹੱਤਿਆਂ ਦਾ ਭਿਆਨਕ ਦ੍ਰਿਸ਼ ਸੀ ।ਕਿਉਂਕਿ ਯਿਰਮਿਆਹ ਨਬੀ ਨੇ ਪਹਿਲਾਂ ਦੀ ਇਸ ਘਟਨਾ ਦੇ ਬਾਰੇ ਵਿੱਚ ਚਰਚਾ ਕੀਤੀ ਸੀ।

ਜਦੋਂ ਹੇਰੋਦੇਸ ਮਰ ਗਿਆ ਤਾਂ ਸਵਰਗ ਦੂਤ ਨੇ ਯੂਸੁਫ ਨੂੰ ਵਾਪਸ ਇਸਰਾਏਲ ਜਾਣ ਨੂੰ ਕਿਹਾ, ਪਰ ਯੂਸੁਫ ਥੋੜ੍ਹਾ ਘਬਰਾਇਆ ਕਿਉਂਕਿ ਹੇਰੋਦੇਸ ਦੇ ਮਰਨ ਤੋਂ ਬਾਅਦ ਉਸ ਦਾ ਪੁੱਤਰ ਰਾਜਗੱਦੀ ਤੇ ਬੈਠਾ ਸੀ। ਫਿਰ ਉਹ ਆਪਣੇ ਪਰਿਵਾਰ ਨੂੰ ਲੈ ਕੇ ਗਲੀਲ ਦੇ ਗੁਆਂਢੀ ਪ੍ਰਾਂਤ ਦੇ ਨਗਰ ਨਾਸਰਤ ਨੂੰ ਚਲਾ ਗਿਆ। ਯਿਸੂ ਨੇ ਆਪਣਾ ਬਚਪਨ ਇਸ ਨਗਰ ਵਿੱਚ ਬਿਤਾਇਆ। ਇਹ ਗੱਲ ਵੀ ਭਵਿੱਖਬਾਣੀ ਦੁਵਾਰਾ ਪੂਰਾ ਹੋਣਾ ਸੀ।ਇਸ ਬਾਰੇ ਵਿੱਚ ਇਹ ਲਿਖਿਆ ਗਿਆ ਹੈ ਉਹ ਨਾਸਰੀ ਅਖਵਾਏਗਾ।

ਮੁੱਖ ਪ੍ਰਸ਼ਨ

1. ਮਰੀਅਮ ਕੌਣ ਸੀ?
2. ਸਵਰਗਦੂਤ ਕਿਸਨੂੰ ਦਿਖਾਈ ਦਿੱਤਾ ਕਿ ਬੱਚੇ ਦਾ ਕੀ ਨਾਮ ਰੱਖਿਆ ਜਾਵੇ?
3. ਕਿਉਂ ਗਿਆਨੀ ਲੋਕ ਪੂਰਬ ਤੋਂ ਯਹੂਦੀਆਂ ਆਏ ਸਨ?
4. ਕਿਉਂ ਹੇਰੋਦੇਸ ਯਿਸੂ ਨੂੰ ਲੱਭਣਾ ਚਾਹੁੰਦਾ ਸੀ?
5. ਗਿਆਨੀਆਂ ਨੂੰ ਇਸ ਤਰਾਂ ਪਤਾ ਲੱਗਾ ਕਿ ਓਹਨਾਂ ਨੂੰ ਆਪਣੇ ਘਰਾਂ ਨੂ ਦੂਸਰੇ ਰਸਤੇ ਤੋਂ ਵਾਪਸ ਆਪਣੇ ਘਰ ਜਾਣਾ ਹੈ, ਹੇਰੋਦੇਸ ਕੋਲ ਨਹੀਂ ਜਾਣ।
6. ਹੇਹੋਦੇਸ ਨੇ ਵਾਚਾ ਦੁਵਾਰਾ ਯਹੂਦੀਆਂ ਦੇ ਰਾਜਾ ਨੂੰ ਕਿਸ ਤਰਾਂ ਮਾਰਨ ਦੀ ਕੋਸ਼ਿਸ ਕੀਤੀ?
7. ਯੂਸੂਫ ਨੂੰ ਕਿਸ ਤਰਾਂ ਪਤਾ ਲੱਗਾ ਕਿ ਉਸ ਨੂੰ ਉਸ ਤਾਂ ਤੋਂ ਮਿਸਰ ਦੇਸ ਨੂੰ ਚਲਾ ਜਾਣਾ ਚਾਹੀਦਾ?
8. ਯੂਸੁਫ ਨੂੰ ਕਿਸ ਤਰਾਂ ਪਤਾ ਲੱਗ ਉਹ ਸੁਰੱਖਿਅਤ ਵਾਪਸ ਆ ਸਕਦਾ ਹੈ।
9. ਯੂਸੁਫ ਕਿਉਂ ਯਹੁਦੀਆਂ ਨਾ ਜਾ ਕੇ ਵਾਪਸ ਆਪਣੇ ਪਰਿਵਾਰ ਨੂੰ ਲੈ ਕੇ ਗਲੀਲ ਦੇ ਪੜ੍ਹੋਸੀ ਪ੍ਰਾਂਤ ਦੇ ਨਗਰ ਨਾਸਰਤ ਚਲਾ ਗਿਆ।
10. ਜਿਸ ਨਗਰ ਵਿੱਚ ਯਿਸੂ ਨੇ ਆਪਣਾ ਬਚਪਨ ਬਿਤਾਇਆਂ ਉਸ ਦਾ ਕੀ ਨਾਮ ਹੈ?

# ਆਤਮਿਕ ਸੱਚਾਈਆਂ - ਪਾਠ 1
## ਮੱਤੀ 1

1. ਪਰਮੇਸ਼ੁਰ ਵਿਸ਼ਵਾਸਯੋਗ ਹੈ ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ।ਪਹਿਲੇ ਪੁਰਸ਼ ਅਤੇ ਇਸਤਰੀ ਦੀ ਰਚਨਾ ਸਮੇਂ ਪਰਮੇਸ਼ੁਰ ਨੇ ਸੰਸਾਰ ਦੇ ਮੁਕਤੀਦਾਤਾ ਨੂੰ  ਭੇਜਣ ਲਈ ਵਾਚਾ ਲਈ ਸੀ। ਬਹੁਤ ਵਾਰ ਪਰਮੇਸ਼ੁਰ ਇਸ ਵਾਚਾ ਨੂੰ ਨਬੀਆਂ ਦੁਆਰਾ ਦੁਹਰਾਉਦਾਂ ਰਿਹਾ, ਕਿ ਉਹ ਮੁਕਤੀਦਾਤਾ ਆਵੇਗਾ। ਜਿਸ ਤਰ੍ਹਾਂ ਪਵਿੱਤਰ ਸ਼ਾਸਤਰ ਵਿੱਚ ਪਹਿਲਾ ਹੀ ਦੱਸਿਆ ਗਿਆ ਹੈ।ਠੀਕ ਇਸ ਪ੍ਰਕਾਰ ਹੀ ਯਿਸੂ ਮਸੀਹ ਦਾ ਆਉਣਾ ਇਸ ਸੰਸਾਰ ਵਿੱਚ ਹੋਇਆ। ਆਵੋ ਕਹਾਣੀ ਵਿੱਚ ਅਸੀਂ ਘੱਟ ਤੋਂ ਘੱਟ ਇੱਕ ਭਵਿੱਖਬਾਣੀ ਨੂੰ ਯਾਦ ਰੱਖੀਏ ਜੋ ਯਿਸੂ ਦੇ ਜਨਮ ਦੁਵਾਰਾ ਪੂਰੀ ਹੋਈ।

* ਪਰਮੇਸ਼ੁਰ ਅੱਜ ਵੀ ਸਾਡੇ ਨਾਲ ਕੀਤੇ ਵਾਅਦਿਆਂ ਵਿੱਚ ਸੱਚਾ ਹੈ। ਬਾਈਬਲ ਵਿੱਚ ਪਰਮੇਸ਼ੁਰ ਨੇ ਸਾਰੇ ਲਈ ਬਹੁਤ ਸਾਰੇ ਵਾਅਦੇ ਕੀਤੇ ਹਨ।ਇਸ ਤੋਂ ਪਤਾ ਚੱਲਦਾ ਹੈ ਕਿ ਪਰਮੇਸ਼ੁਰ ਦੀ ਸਾਡੇ ਲਈ ਯੋਜਨਾ ਕੀ ਹੈ।ਪਰਮੇਸ਼ੁਰ ਉਹ ਸਾਰੇ ਵਾਅਦੇ ਅਤੇ ਭਵਿੱਖਬਾਣੀਆਂ ਨੂੰ ਪੂਰਾ ਕਰੇਗਾ , ਮਹੱਤਪੂਰਨ ਗੱਲ ਇਹ ਹੈ ਕਿ ਅਸੀਂ ਪਵਿੱਤਰ ਸ਼ਾਸਤਰ ਨੂੰ ਪੜ੍ਹੀਏ ਅਤੇ ਲੱਭੀਏ। ਕੀ ਪਰਮੇਸ਼ੁਰ ਦੀ ਸਾਡੇ ਲਈ ਕੀ ਯੋਜਨਾ ਹੈ।

2. ਬਾਈਬਲ ਪਰਮੇਸ਼ੁਰ ਦਾ ਵਚਨ ਹੈ ਜੋ ਕੁਝ ਇਸ ਵਿੱਚ ਹੈ ਉਹ ਸੱਚ ਹੈ। ਪਰਮੇਸ਼ੁਰ ਹਜ਼ਾਰਾਂ ਸਾਲ ਪਹਿਲਾਂ ਹੀ ਆਪਣੇ ਨਬੀਆਂ ਦੁਵਾਰਾ ਯਿਸੂ ਮਸੀਹ ਦੇ ਜਨਮ ਤੇ ਉਸ ਦੇ ਜੀਵਨ ਬਾਰੇ ਦੱਸਦਾ ਰਿਹਾ। ਸਾਰੀਆਂ ਗੱਲਾਂ ਉਸ ਤਰਾਂ ਹੀ ਹੋਈਆਂ। ਜਿਸ ਤਰਾਂ ਭਵਿੱਖਬਾਣੀਆਂ ਕੀਤੀਆਂ ਗਈਆਂ ਸਨ।

3. ਪਰਮੇਸ਼ੁਰ ਸਾਰੀਆਂ ਵਸਤੂਆਂ ਤੇ ਕਾਬੂ ਰੱਖਦਾ ਹੈ। ਪਰਮੇਸ਼ੁਰ ਅਲੌਕਿਕ ਅਤੇ ਅਦਭੁਤ ਕੰਮ ਕਰ ਸਕਦਾ ਹੈ । ਬਹੁਤ ਸਾਰੀਆਂ ਅਦਭੁਤ ਅਤੇ ਅਨੋਖੀਆਂ ਗੱਲਾਂ ਇਸ ਕਹਾਣੀ ਵਿੱਚ ਹੋਈਆਂ ਹਨ। ਉਨ੍ਹਾਂ ਵਿੱਚ ਕੋਈ ਇੱਕ ਘਟਨਾ ਕਿਹੜੀ ਹੈ?

4. ਪਰਮੇਸ਼ੁਰ ਮਨੁੱਖ ਦੇ ਨਾਲ ਗੱਲ ਕਰ ਸਕਦਾ ਹੈ ਅਤੇ ਕਰਦਾ ਹੈ। ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਨੇ ਸੰਸਾਰ ਦੀ ਰਚਨਾ ਕੀਤੀ ਹੈ ਕਿਉਂਕਿ ਜੋ ਕੁਝ ਸੰਸਾਰ ਵਿੱਚ ਹੁੰਦਾ ਹੈ ਉਸ ਦੀ ਚਿੰਤਾਂ ਨਹੀਂ ਕਰਦਾ। ਇਸ ਕਹਾਣੀ ਵਿੱਚ ਪਰਮੇਸੂਰ ਨੇ  ਕਿਸ ਤਰਾਂ ਮਨੁੱਖ ਨਾਲ ਗੱਲ ਕੀਤੀ।ਪਰਮੇਸ਼ੁਰ ਅੱਜ ਵੀ ਸਾਡੇ ਨਾਲ ਗੱਲ ਕਰਦਾ ਹੈ। ਅਸੀਂ ਇਸ ਅਧਿਐਨ ਦੁਵਾਰਾ ਸਿੱਖਾਂਗੇ ਕਿ ਅਸੀਂ ਕਿਸ ਤਰ੍ਹਾਂ ਪਰਮੇਸ਼ੁਰ ਦੇ ਨਾਲ ਅਲੌਕਿਕ ਸੰਬੰਧ ਰੱਖ ਸਕਦੇ ਹਾਂ।

5. ਪਰਮੇਸ਼ੁਰ ਹਰ ਵਸਤੂ ਨੂੰ, ਜੋ ਹੋਣ ਵਾਲੀ ਹੈ ਜਾਣਦਾ ਹੈ। ਕਿਉਂਕ ਕਈ ਵਾਰ ਉਹ ਆਪਣੇ ਈਸ਼ਵਰੀ ਗਿਆਨ ਵਿੱਚ ਉਹ ਖਤਰਨਾਕ ਗੱਲਾਂ ਨੂੰ ਹੋਣ ਦਿੰਦਾ ਹੈ। ਹੇਰੋਦੇਸ ਗਿਆਨਵਾਨ ਰਾਜਾ ਨੂੰ ਮਾਰ ਦੇਣਾ ਚਾਹੁੰਦਾ ਸੀ, ਕਿਉਂਕਿ ਉਸ ਨੂੰ ਯਿਸੂ ਕੋਲੋਂ ਡਰ ਸੀ।ਪਰਮੇਸ਼ੁਰ ਹੇਰੋਦੇਸ ਦੇ  ਬੁਰੇ ਵਿਚਾਰਾਂ ਨੂੰ ਜਾਣਦਾ ਸੀ। ਉਹ ਜਾਣਦਾ ਸੀ ਕਿ ਹੇਰੋਦੇਸ ਬਹੁਤ ਸਾਰੇ ਬੱਚਿਆਂ ਨੂੰ ਮਾਰ ਸੁੱਟੇਗਾ। ਹੇਰੋਦੇਸ ਦੇ ਦਿਲ ਦੇ ਕਰੋਧ ਦੇ ਕਾਰਨ ਇਹ ਘਟਨਾ ਘਟੀ।ਅੱਜ ਵੀ ਜਦੋਂ ਅਸੀ ਪਰਮੇਸ਼ੁਰ ਦੀ ਆਗਿਆ ਨਹੀਂ ਮੰਨਦੇ ਅਤੇ ਉਸ ਦਾ ਵਿਰੋਧ ਕਰਦੇ ਹਾਂ ਤਾਂ ਬਹੁਤ ਸਾਰੀਆਂ ਘਟਨਾਵਾਂ ਸਾਡੇ ਜੀਵਨ ਵਿੱਚ ਵਾਪਰਦੀਆਂ ਹਨ। ਕੀ ਤੁਸੀਂ ਐਸੀ ਕੋਈ ਆਧੁਨਿਕ ਉਦਾਹਰਣ ਜਾਣਦੇ ਹੋ ਜਿਸ ਵਿੱਚ ਇੱਕ ਮਨੁੱਖ ਦੀ ਬੁਰਾਈ ਦੇ ਕਾਰਨ ਦੂਜਿਆਂ ਨੂੰ ਠੇਸ ਪਹੁੰਚੀ ਹੋਵੇ।

6. ਮਨੁੱਖ ਕਦੀ ਵੀ ਪਰਮੇਸ਼ੁਰ ਦਾ ਸਾਹਮਣਾ ਕਰਕੇ ਜਿੱਤ ਨਹੀ ਸਕਦਾ ।ਹੇਰੋਦੇਸ ਵਾਅਦਾ ਕੀਤੇ ਬਾਲਕ ਨੂੰ ਮਾਰਨ ਵਿੱਚ ਅਸਫਲ ਰਿਹਾ । ਕੇਵਲ ਉਹ ਇਹ ਕਰ ਸਕਿਆਂ ਕਿ ਉਸਨੇ ਬਹੁਤ ਸਾਰੇ ਪਰਿਵਾਰਾਂ ਵਿੱਚ ਡਰ ਪੈਦਾ ਕੀਤਾ। ਅੱਜ ਵੀ ਕਈ ਵਾਰ ਜਦੋਂ ਅਸੀਂ ਪਰਮੇਸ਼ੁਰ ਦੀ ਇੱਛਾ ਅਤੇ ਨਿਯਮਾਂ ਦੇ ਵਿਰੁਧ ਜਾਣ ਦੀ ਕੋਸ਼ਿਸ ਕਰਦੇ ਹਾਂ ਅਤੇ ਅਸੀਂ ਭਿਆਨਕ ਪ੍ਰਸਿਥੀਆਂ ਵਿੱਚ ਚਲੇ ਜਾਂਦੇ ਹਾਂ। ਆਪਣੇ ਆਪ ਨੂੰ ਹੀ ਨਹੀਂ ਅਤੇ ਦੂਜਿਆਂ ਨੂੰ ਠੇਸ ਪਹੁੰਚਦੇ ਹਾਂ ਜੋ ਸਾਡੇ ਨੇੜ੍ਹੈ ਹੁੰਦੇ ਹਨ।ਕੀ ਤੁਸੀਂ ਕੋਈ ਐਸੀ ਘਟਨਾ ਬਾਰੇ ਵਿੱਚ ਸੋਚ ਸਕਦੇ ਹੋ? ਜਦੋਂ ਤੁਸੀਂ ਕੁਝ ਬੁਰਾ ਕੀਤਾ ਇਸ ਦੇ ਕਾਰਨ ਤੁਹਾਡੇ ਜੀਵਨ ਵਿੱਚ ਦੁਖਤ ਘਟਨਾ ਹੋਈ ਹੋਵੇ।ਕੀ ਤੁਸੀਂ ਉਸ ਸਮੇਂ ਨੂੰ ਯਾਦ ਕਰ ਸਕਦੇ ਹੋ ਜਦੋਂ ਕਿਸੀ ਦੂਸਰੇ ਵਿਅਕਤੀ ਦੀ ਬੁਰਾਈ ਦੇ ਕਾਰਨ ਤੁਹਾਨੂੰ ਚੋਟ ਲੱਗੀ ਹੋਵੇ?

7. ਜਾਜਕ ਅਤੇ ਧਾਰਮਿਕ ਸਲਾਹਕਾਰ ਪਵਿੱਤਰ ਸ਼ਾਸਤਰ ਦੇ ਦੁਵਾਰਾ ਵਾਅਦਾ ਕੀਤੇ ਹੋਏ ਰਾਜਾ ਦੇ ਬਾਰੇ ਵਿੱਚ ਜਾਣਦੇ ਸਨ। ਫਿਰ ਤਾਂ ਹੀ ਉਹ ਯਿਸੂ ਨੂੰ ਮਿਲਣ ਨਹੀਂ ਗਏ। ਕੀ ਧਰਮੀ ਹੋਣ ਲਈ ਬਾਈਬਲ ਨੂੰ ਵੱਧ ਤੋਂ ਵੱਧ ਜਾਣਨਾ ਜਰੂਰੀ ਹੈ? ਕੀ ਯਿਸੂ ਦੇ ਬਾਰੇ ਵਿੱਚ ਕਿਸੇ ਹੋਰ ਨੂੰ ਜਾਣਨਾ ਜ਼ਰੂਰੀ ਹੈ ਚਾਹੇ ਉਹ ਕਦੀ ਵੀ ਯਿਸੂ ਨੂੰ ਨਿਜੀ ਰੂਪ ਵਿੱਚ ਆਪਣੇ ਹਿਰਦੇ ਵਿੱਚ ਨਾ ਜਾਣਦਾ ਹੋਵੇ?

8. ਯਿਸ਼ੂ " ਪਰਮੇਸ਼ੁਰ ਸਾਡੇ ਨਾਲ " ਅਤੇ "ਇਮੈਨੂੰਏਲ" ਹੈ ਜੋ ਸਵਰਗਦੂਤਾਂ ਦੁਵਾਰਾ ਕਹੇ ਗਏ ਸਨ ਅਤੇ ਪਵਿੱਤਰ ਸ਼ਾਸਤਰ ਵਿੱਚ ਯਸਾਯਾਹ ਭਵਿੱਖਵਕਤਾ ਦੁਵਾਰਾ ਲਿਖੇ ਗਏ ਸੀ। ਬਹੁਤ ਸਾਰੇ ਲੋਕ ਕਹਿੰਦੇ ਹਨ ਹਨ ਕਿ ਉਹ ਨਬੀ ਸੀ।। ਲੇਕਿਨ ਕੁਝ ਕਹਿੰਦੇ ਹਨ ਉਹ ਸਵਰਗਦੂਤ ਅਤੇ ਇੱਕ ਚੰਗਾ ਵਿਅਕਤੀ ਸੀ। ਪਰੰਤੂ ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਸਾਡੇ ਨਾਲ ਸੀ। ਅੱਗੇ ਅਸੀਂ ਖੋਜ ਕਰਾਂਗੇ ਕਿ ਕਿ ਯਿਸੂ ਕੋਣ ਹੈ, ਅਤੇ ਉਸ ਦਾ ਸ਼ੁਭ ਸੰਦੇਸ਼ ਜੋ ਧਰਤੀ ਤੇ ਲਿਆਂਦਾ ਗਿਆਂ।

# ਯਿਸੂ ਦਾ ਸ਼ੁਭ ਸੰਦੇਸ਼

## "ਯਿਸੂ ਦਾ ਬਪਤਿਸਮਾ" ਪਾਠ 2
## ਮੱਤੀ 3-4

" ਤੌਬਾ ਕਰੋ ਕਿਉਂਕਿ ਪਰਮੇਸ਼ੁਰ ਦਾ ਰਾਜ ਨੇੜ੍ਹੇ ਹੈ।" ਮੱਤੀ 3:2
ਪੂਰਨ ਵਿਚਾਰ

1. ਯਿਸੂ ਦੀ ਮਾਤਾਾ ਦਾ ਨਾਮ ............ਸੀ।
2. ਯਿਸੂ ਦੇ ਜਨਮ ਦਾ ਇੱਕ ਅਚਜਰਕਰਮ ਉਹ ਸੀ ਕੀ ਉਹ ............ਤੋਂ ਪੈਦਾ ਹੋਇਆ ਸੀ।
3. ਪੁਰਾਣੇ ਨਿਯਮ ਵਿੱਚ ਬਹੁਤ ਸਾਰੀਆਂ ਗੱਲਾਂ ਯਿਸੂ ਦੇ ਜਨਮ ਬਾਰੇ ਕਹੀਆਂ ਗਈਆਂ ਸਨ ਇੱਕ ਇਹ ਸੀ ਕਿ ਉਹ ਦਾ ਨਾਮ ਇਮੈਨੂਏਲ ਹੋਵੇਗਾ ਜਿਸ ਦਾ ਅਰਥ ਪਰਮੇਸ਼ੁਰ ..................।
4. ਹੇਰੋਦੇਸ ਯਹੂਦੀਆਂ ਦਾ ..........ਜਿਸਨੇ ਯਿਸੂ ਨੂੰ ਮਾਰਨ ਦੀ ਕੋਸ਼ਿਸ ਕੀਤੀ। ਉਸਨੇ ਸਾਰਿਆਂ ਬੱਚਿਆਂ ਜੋ ਦੋ ਸਾਲ ਤੋਂ ਛੋਟੇ ਸਨ ਜੋ ਬੈਤਹਲਮ ਅਤੇ ਉਸ ਦੇ ਚਾਰੋ ਪਾਸੇ ਰਹਿੰਦੇ ਹਨ ............ਦਿੱਤਾ ਸੀ।
5. ਜੋ ਗਿਆਨੀ ਲੋਕ ਜੋ ਯਿਸੂ ਨੂੰ ਲੱਭਣ ਨਿੱਕਲੇ ਉਹ ਇੱਕ ...............ਦਾ ਪਿੱਛਾ ਕਰ ਰਹੇ ਸੀ। ਉਹ ਵਾਪਿਸ ਆਪਣੇ ਘਰ ਦੂਸਰੇ ਰਸਤੇ ਥਾਣੀ ਗਏ।ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ .........ਦੇ ਦੁਵਾਰਾ ਸਾਵਧਾਨ ਕੀਤਾ ਕਿ ਹੇਰੋਦੇਸ ਯਿਸੂ ਨੂੰ ............ਚਾਹੁੰਦਾ ਹੈ।
6. ਯੂਸ਼ੁਫ ਪਰਿਵਾਰ ਸਮੇਤ ਰਾਤ ਦੇ ਵੇਲੇ ਮਿਸਰ ਨੂੰ ਚਲਾ ਗਿਆ, ਕਿਉਂਕਿ ਪਰਮੇਸ਼ੁਰ ਨੇ ਉਸਨੂੰ .......ਵਿੱਚ ਦਿਖਾਇਆਂ ਕਿ ਹੇਰੋਦੇਸ ...........ਦੇ ਪਿੱਛੇ ਪਿਆ ਹੋਇਆਂ ਹੈ।
7. ਯੂਸੁਫ ਜਾਣਦਾ ਸੀ ਕਿ ਇਸਰਾਏਲ ਵਾਪਿਸ ਜਾਣ ਲਈ ............ਵਿੱਚ ਹੋ ਕੇ ਜਾਣਾ ਠੀਕ ਰਹੇਗਾ।ਉਹ ਵਾਪਸ ਬੈਤਹਲਮ ਨਹੀਂ ਗਿਆ।ਲੇਕਿਨ ਉਹ ਆਪਣੇ ਪਰਿਵਾਰ ਨੂੰ ..............ਨਗਰ ਵਿੱਚ ਲੈ ਗਿਆ।
8. ਜਿਸ ਤਰ੍ਹਾਂ ਪਰਮੇਸ਼ੁਰ ਪੂਰੇ ਇਤਿਹਾਸ ਵਿੱਚ ਕਰਦਾ ਆਇਆ ਹੈ ਅੱਜ ਵੀ ਪਰਮੇਸ਼ੁਰ ਆਪਣੀ ............ਨੂੰ ਪੂਰਾ ਕਰਦਾ ਹੈ।
9. ਪਰਮੇਸ਼ੁਰ ਜਾਣਦਾ ਹੈ ਕਿ ਸਾਡੇ ..............ਵਿੱਚ ਕੀ ਹੈ। ਕੀ ਬਹੁਤ ਅਧਰਮ ਹੈ ਉਸਨੂੰ ਵੀ ਉਹ ਜਾਣਦਾ ਹੈ।
10. ਇਹ ਸੰਭਵ ਹੈ ਬਹੁਤ ਧਰਮੀ ਹੋਣ ਦੇ ਲਈ ਬਾਈਬਲ ਅਤੇ ਯਿਸੂ ਦੇ ਬਾਰੇ ਵਿੱਚ ਜਿਆਦਾ ਜਾਣਿਆ ਜਾਵੇ ਚਾਹੇ ਕੋਈ ਵੀ ਕਿਤੇ ਵੀ..............ਜੋ ਨਿਜੀ ਰੂਪ ਵਿੱਚ ਆਪਣੇ .........ਜੋ ਆਪਣੇ ਵਿੱਚ ਨਾ ਜਾਣਦਾ ਹੋਵੇ।

ਜੋ ਸ਼ਬਦ ਯਹੂਦਾ ਦੇ ਜੰਗਲ ਦੇ ਵਿੱਚ ਰਹਿੰਦੇ ਮਨੁੱਖ ਨੇ ਕਹੇ ਸਨ। ਉਹ ਮਨੁੱਖ ਊਠ ਦੇ ਵਾਲਾਂ ਦਾ ਅਤੇ ਚਮੜੇ ਦੇ ਕੱਪੜੇ ਪਾਉਂਦਾ ਸੀ। ਉਹ ਜੰਗਲੀ ਸ਼ਹਿਦ ਅਤੇ ਟਿੱਡੀਆਂ ਖਾਂਦਾ ਸੀ। ਉਸ ਦਾ ਨਾਮ ਯਹੂੰਨਾ ਬਪਤਿਸਮਾ ਦੇਣ ਵਾਲਾ ਸੀ। ਯਰਦਨ ਨਦੀ ਦੇ ਲਾਗੇ ਰਹਿਣ ਵਾਲੇ ਬਹੁਤ ਸਾਰੇ ਲੋਕ ਉਸ ਕੋਲੋਂ ਵਚਨਾਂ ਨੂੰ ਸੁਣਨ ਲਈ ਆਉਂਦੇ ਸਨ। ਉਸਦੇ ਸੁਭਸਮਾਚਾਰ ਨੂੰ ਸੁਣਨ ਤੋਂ ਬਾਦ ਉਨ੍ਹਾਂ ਨੇ ਯਰਦਨ ਨਦੀ ਵਿੱਚ ਆਪਣੇ ਪਾਪਾਂ ਦੇ ਪਛਤਾਤਾਪ ਦੇ ਬਾਦ ਬਪਤਿਸਮਾ ਲਿਆ। ਬਹੁਤ ਸਾਰੇ ਨੇਤਾ ਜਿਸ ਤਰਾਂ ਸਦੂਕੀ ਅਤੇ ਫਰੀਸੀ ਵੀ, ਉਹ ਸਭ ਜੋ ਹੋ ਰਿਹਾ ਸੀ ਦੇਖਣ ਲਈ ਗਏ। ਜਦੋਂ ਯਹੂੰਨਾ ਨੇ ਉਹ ਦੇਖਿਆਂ " ਸੱਪ ਦੇ ਬੱਚਿਓ" ਕਹਿ ਕੇ ਪੁਕਾਰਿਆਂ ਅਤੇ ਉਸ ਨੇ ਕਿਹਾ, ਕੇ ਉਹ ਪਰਮੇਸ਼ੁਰ ਤੋਂ ਨਹੀਂ ਡਰਦੇ ਕਿਉਂਕਿ

ਉਹ ਆਪਣੇ ਆਪ ਨੂੰ ਧਾਰਮਿਕ ਸਮਝਦੇ ਸਨ ਜੋ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲੀ ਸੀ ਜੋ ਆਪਣੇ ਪਾਪਾਂ ਤੋਂ ਮਾਫੀ ਲਈ ਜ਼ਰੂਰਤ ਨਹੀਂ ਸਮਝਦੇ ਸਨ।

ਜਦੋਂ ਯੂਹੰਨਾ ਵਚਨ ਦੇ ਰਿਹਾ ਸੀ ਉਸ ਵਕਤ ਯਿਸੂ ਉਸਦੇ ਕੋਲ ਗਿਆ ਉਸ ਨੇ ਚਾਹਿਆ ਕੇ ਯੂਹੰਨਾ ਉਸਨੂੰ ਬਪਤਿਸਮਾ ਦੇਵੇ। ਯਿਸੂ ਦੇ ਸਾਹਮਣੇ ਯੂਹੰਨਾ ਆਪਣੇ ਆਪ ਨੂੰ ਅਯੋਗ ਸਮਝਦਾ ਸੀ। ਇਸ ਲਈ ਪਹਿਲਾ ਉਹ ਹਿਚਚਾਕਿਆਂ । ਯਿਸੂ ਦੇ ਜ਼ੋਰ ਦੇਣ ਤੇ ਦੋਨੋਂ ਯਰਦਨ ਨਦੀ ਦੇ ਪਾਣੀ ਵਿੱਚ ਉੱਤਰ ਗਏ ਅਤੇ ਯਿਸੂ ਨੇ ਬਪਤਿਸਮਾ ਲਿਆ। ਜਦੋਂ ਯਿਸੂ ਪਾਣੀ ਵਿੱਚੋਂ ਬਾਹਰ ਆਇਆ ਉਦੋਂ ਪੱਵਿਤਰ ਆਤਮਾ ਕਬੂਤਰ ਦੀ ਤਰਾਂ ਸਵਰਗ ਤੋਂ ਉਸ ਤੇ ਉੱਤਰਿਆਂ ਨਾਲ ਹੀ ਸਵਰਗ ਤੋਂ ਬਹੁਤ ਤੇਜ਼ ਆਵਾਜ਼ ਆਈ ਕਿ " ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸ਼ੰਨ ਹਾਂ"

ਉਸਦੇ ਬਾਦ ਪਵਿੱਤਰ ਆਤਮਾ ਉਸਨੂੰ ਜੰਗਲ ਵਿੱਚ ਲੈ ਗਿਆ ਕੇ ਸੈਤਾਨ ਦੁਵਾਰਾ ਉਸ ਦੀ ਪਰੀਖਆ ਹੋਵੇ। ਜਦੋਂ ਯਿਸੂ ਚਾਲੀ ਰਾਤ ਅਤੇ ਚਾਲੀ ਦਿਨ

ਬਿਨਾਂ ਭੋਜਨ ਦੇ ਰਿਹਾ ਉਸ ਦੇ ਬਾਦ ਜਦੋਂ ਉਹ ਭੁੱਖਾ ਅਤੇ ਪਿਆਸਾ ਸੀ।ਇਹ ਉਹ ਸਮਾਂ ਸੀ ਜਦੋਂ ਸੈਤਾਨ ਨੇ ਯਿਸੂ ਦੀ ਪਰੀਖਆਂ ਲਈ।

ਬਾਈਬਲ ਦੇ ਅਨੁਸਾਰ ਯਿਸੂ ਦੀ ਤਿੰਨ ਤਰਾਂ ਨਾਲ ਪਰੀਖਿਆਂ ਹੋਈ। ਪਹਿਲੀ ਪਰੀਖਿਆਂ ਵਿੱਚ ਸੈਤਾਨ ਨੇ ਕੋਸ਼ਿਸ ਕੀਤੀ ਯਿਸੂ ਪੱਥਰਾਂ ਨੂੰ ਰੋਟੀ ਬਣਾ ਦੇਵੇ ਇਸ ਤੋਂ ਇਹ ਯਕੀਨ ਹੋ ਜਾਵੇਗਾ ਕੀ ਉਹ ਪਰਮੇਸ਼ੁਰ ਦਾ ਪੁੱਤਰ ਹੈ। ਯਿਸੂ ਨੇ ਵਚਨ ਦੇ ਦੁਵਾਰਾ ਉਸ ਨੂੰ ਉੱਤਰ ਦਿੱਤਾ। ਦੂਜੀ ਵਾਰ ਸੈਤਾਨ ਯਿਸੂ ਨੂੰ ਮੰਦਰ ਦੀ ਛੱਤ ਤੇ ਲੈ ਗਿਆ ਕੇ ਉਹ ਆਪਣੇ ਆਪ ਨੂੰ ਹੇਠਾ ਸੁੱਟ ਦੇਵੇ ਪਰ ਫਿਰ ਵੀ ਯਿਸੂ ਨੇ ਉਸਨੂੰ ਵਚਨ ਦੇ ਅਨੁਸਾਰ ਉੱਤਰ ਦਿੱਤਾ। ਅੰਤ ਵਿੱਚ ਸੈਤਾਨ ਯਿਸੂ ਨੂੰ ਉੱਚੇ ਪਰਬਤ ਤੇ ਲੈ ਗਿਆ ਅਤੇ ਕਿਹਾ, ਮੈਂ ਤੈਨੂੰ ਸਭ ਕੁਝ ਦੇ ਦੇਵਾਂਗਾ ਜੇਕਰ ਤੂੰ ਮੈਨੂੰ ਨੀਚੇ ਹੋ ਕੇ ਨਸਮਕਾਰ ਕਰੇ। ਯਿਸੂ ਨੇ ਉਸ ਨੂੰ ਉੱਤਰ ਦਿੱਤਾ ਤੈਨੂੰ ਪਰਮੇਸ਼ੁਰ ਦੀ ਅਰਾਧਨਾ ਅਤੇ ਉਸਤਤ ਕਰਨੀ ਚਾਹੀਦੀ ਹੈ ।ਇਹ ਗੱਲ ਸੁਣਨ ਤੋਂ ਬਾਦ ਸੇਤਾਨ ਉਥੋਂ ਚਲਾ ਗਿਆ ਅਤੇ ਸਵਰਗਦੂਤ ਉਸਦੀ ਸੇਵਾ ਟਹਿਲ ਕਰਨ ਲੱਗੇ।

ਜੰਗਲ ਤੋਂ ਵਾਪਿਸ ਆਉਣ ਤੋਂ ਬਾਦ ਯਿਸੂ ਨੂ ਪਤਾ ਲੱਗਾ ਕਿ ਯਹੂੰਨਾ ਨੂੰ ਜ਼ੇਲ ਵਿੱਚ ਸੁੱਟ ਦਿੱਤਾ ਗਿਆ ਹੈ। ਫਿਰ ਯਿਸੂ ਆਪਣੇ ਬਚਪਨ ਦੇ ਸ਼ਹਿਰ ਨਾਸਰਤ ਨੂੰ ਛੱਡ ਕੇ ਕਫਰਨਹੂਮ ਚਲੇ ਗਏ ਜੋ ਯਹੂਦਾ ਦੇ ਉੱਤਮ ਵਿੱਚ ਗਲੀਲ ਦਾ ਇੱਕ ਇਲਾਕਾ ਹੈ।ਤਾਂ ਜੋ ਇਹ ਗੱਲ ਪੂਰੀ ਹੋਈ ਜੋ ਯਸਾਯਾਹ ਨਬੀ ਦੁਵਾਰਾ ਕਹੀ ਗਈ ਸੀ “ ਜ਼ਬਲੂਨ, ਨਫਤਾਲੀ ਦੇ ਦੇਸ ਸਮੁੰਦਰ ਦੇ ਕਿਨਾਰੇ ਯਰਦਨ ਦੇ ਉਸ ਪਾਰ ਹੋਰ ਜਾਤੀਆਂ ਦਾ ਗਲੀਲ ਜੋ ਲੋਕ ਹਨ੍ਹੇਰੇ ਵਿੱਚ ਬੈਠੇ ਸਨ ਉਹਨਾਂ ਨੇ ਮਹਾਨ ਜੋਤੀ ਦੇਖੀ ਜੋ ਮੌਤ ਦੀ ਛਾਂ ਵਿੱਚ ਸਨ ਉਹਨਾਂ ਤੇ ਜੋਤੀ ਚਮਕੀ।

ਬਾਈਬਲ ਦੇ ਅਨੁਸਾਰ ਇਸ ਤੋਂ ਬਾਦ ਯਿਸੂ ਨੇ ਲੋਕਾਂ ਵਿੱਚ ਆਪਣੀ ਸੇਵਾ ਆਰੰਭ ਕੀਤੀ ਜਿਸ ਸੰਦੇਸ਼ ਦਾ ਪ੍ਰਚਾਰ ਯਿਸੂ ਨੇ ਕੀਤਾ ਉਹ ਇਹ ਸੀ “ ਮਨ ਫਿਰਾਓ ਪਛਤਾਤਾਪ ਕਰੋ ਕਿਉਂ ਸਵਰਗ ਦਾ ਰਾਜ ਨੇੜ੍ਹੇ ਆਇਆ ਹੈ।“

ਮੁੱਖ ਪ੍ਰਸ਼ਨ

1. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਵਰਨਣ ਕਰੋ?
2. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਕੀ ਸੰਦੇਸ਼ ਸੀ?
3. ਆਪਣੇ ਪਾਪਾਂ ਨੂੰ ਸਵੀਕਾਰ ਕਰਨ ਵਾਲਿਆਂ ਨਾਲ ਯੂਹੰਨਾ ਕੀ ਕਰਦਾ ਸੀ?
4. ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਨੂੰ ਕਿਉਂ ਬਪਤਿਸਮਾ ਦੇਣਾ ਨਹੀਂ ਸੀ ਚਾਹੁੰਦਾ?
5. ਯਿਸੂ ਨੂੰ ਬਪਤਿਸਮਾ ਕਿਵੇਂ ਦਿੱਤਾ ਗਿਆ?
6. ਯਿਸੂ ਜੰਗਲ ਵਿੱਚ ਕਿਉਂ ਗਿਆ?
7. ਯਿਸੂ ਨੇ ਚਾਲੀ ਰਾਤ ਅਤੇ ਦਿਨ ਕੀ ਕੀਤਾ ?
8. ਸੈਤਾਨ ਦੀ ਪਰੀਖਿਆਂ ਵਿੱਚੋਂ ਇਕ ਕਿਹੜੀ ਪਰੀਖਆਂ ਸੀ? ਦੱਸੋ ?
9. ਯਿਸੂਂ ਦੀ ਪਰੀਖਿਆਂ ਤੋਂ ਕਿਹੜੇ ਕਿਹੜੇ ਲੋਕ ਉਸ ਦੀ ਸੇਵਾ ਵਿੱਚ ਹਾਜ਼ਿਰ ਹੋਏ?
10. ਯੂਹੰਨਾ ਨੂੰ ਜ਼ੇਲ ਵਿੱਚ ਸੁੱਟ ਦਿੱਤਾ ਇਗ ਗੱਲ ਸੁਣਨ ਤੋਂ ਬਾਦ ਯਿਸੂ ਕਿੱਥੇ ਗਏ।
11. ਯਿਸੂਂ ਦਾ ਸੰਦੇਸ ਕੀ ਸੀ ? ਇਸ ਤਰਾਂ ਦੇ ਸੰਦੇਸ਼ ਦਾ ਪ੍ਰਚਾਰ ਹੋਰ ਕਿਸ ਨੇ ਕੀਤਾ?

## ਯਿਸ਼ੂ ਦਾ ਸੁਭ ਸੰਦੇਸ਼

## ਆਤਮਿਕ ਸੱਚਾਈਆਂ -ਪਾਠ 2 ਮੱਤੀ 3-4

1. ਯੂਹੰਨਾ ਬਪਤਿਸਮਾ ਦੇਣ ਵਾਲਾ ਅਤੇ ਯਿਸੂ ਦੇ ਸੰਦੇਸ ਇੱਕ ਹੀ ਤਰਾਂ ਦੇ ਸਨ ;" ਮੰਨ ਫਿਰਾਓ ਅਤੇ ਪਛਤਾਤਾਪ ਕਰੋ ਕਿਉਂਕਿ ਸਵਰਗ ਦਾ ਰਾਜ ਨੇੜ੍ਹੇ ਹੈ।"

   , ਪਛਤਾਤਾਪ ਦਾ ਅਰਥ ਆਪਣੇ ਜੀਵਨ ਵਿੱਚ ਪਾਪਾਂ ਤੋਂ ਮਨ ਫਿਰਾਨਾ ਅਤੇ ਸਾਰਾ ਜੀਵਨ ਯਿਸੂ ਦੇ ਹੱਥਾਂ ਵਿੱਚ ਦੇ ਦੇਣਾ ਹੈ।

   . ਪਾਪ ਪਰਮੇਸ਼ੁਰ ਅਤੇ ਉਸਦੇ ਨਿਯਮਾਂ ਦੇ ਵਿਰੁਧ ਹੈ।

   ਕੀ ਪਛਤਾਤਾਪ ਕਰਨਾ ਮਨੁੱਖ ਦੇ ਲਈ ਬਹੁਤ ਮੁਸ਼ਕਲ ਹੈ । ਇਸ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ?

   ਆਂਪਣੇ ਸਮੂਹ ਵਿੱਚ ਇਸ ਗੱਲ ਦੀ ਚਰਚਾ ਕਰੋ ਅਤੇ ਹਰ ਕੋਈ ਆਪਣਾ ਵਿਚਾਰ ਦੱਸੇ।

2. ਧਾਰਮਿਕ ਨੇਤਾ ਇਹ ਸੋਚਦੇ ਹਨ ਕਿ ਉਨ੍ਹਾਂ ਨੂੰ ਪਾਪਾਂ ਨੂੰ ਮੰਨਣ ਦੀ ਕੋਈ ਲੋੜ ਨਹੀਂ ਹੈ। ਕਿਉਂਕਿ ਉਹ ਧਾਰਮਿਕ ਹਨ। ਉਹ ਸੋਚਦੇ ਹਨ ਉਹ ਧਾਰਮਿਕ ਲੋਕ ਹਨ।ਯੂਹੰਨਾ ਨੇ ਉਨ੍ਹਾਂ ਨੂੰ ਸੱਪਾਂ ਦੇ ਬੱਚਿਆਂ ਕਹਿ ਕੇ ਪੁਕਾਰਿਆਂ ਹੈ।ਕੀ ਇਸ ਸੰਸਾਰ ਵਿੱਚ ਕੋਈ ਧਾਰਮਿਕ ਵਿਅਕਤੀ ਹੈ ਜਿਸ ਨੂੰ ਆਪਣੇ ਪਾਪਾਂ ਦੇ ਪਛਤਾਤਾਪ ਕਰਨ ਲਈ ਲੋੜ ਨਹੀਂ ਹੈ?

   . ਬਾਈਬਲ ਰੋਮੀਆਂ 3:23 ਵਿੱਚ ਦੱਸਦੀ ਹੈ" ਸਾਰਿਆਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੀ ਮਹਿਮਾ ਤੋਂ ਰਹਿਤ ਹੈ"

   . ਕੀ ਇਸ ਦੁਨੀਆਂ ਵਿੱਚ ਕੋਈ ਇੱਕ ਵਿਅਕਤੀ ਹੈ ਜਿਸਨੇ ਪਾਪ ਨਾ ਕੀਤਾ ਹੋਵੇ ? ਕੋਈ ਵਿਅਕਤੀ ਹੈ ਜਿਸ ਨੇ ਕਦੀ ਵੀ ਪਰਮੇਸ਼ੁਰ ਦੇ ਆਤਮਾ ਅਤੇ ਉਸ ਦੇ ਵਿਹਵਾਰ ਦੇ ਵਿਰੁਧ ਪਾਪ ਨਾ ਕੀਤਾ ਹੋਵੇ। ਬਾਈਬਲ ਦੱਸਦੀ ਹੈ "ਨਹੀਂ" ਕੀ ਤੁਸੀਂ ਬਾਈਬਲ ਨਾਲ ਸਹਿਮਤ ਹੋ ਕੀ ਸਾਡੇ ਸਾਰਿਆਂ ਦੇ ਜੀਵਨ ਵਿੱਚ ਪਾਪ ਹੈ । ਇਹ ਜ਼ਰੂਰੀ ਹੈ ਹਰ ਇੱਕ ਵਿਅਕਤੀ ਨੂੰ ਮੌਕਾ ਮਿਲੇ ਇਸ ਵਿਸ਼ੇ ਤੇ ਪਰਮੇਸ਼ੁਰ ਦੇ ਵਚਨ ਨੂੰ ਚਨੌਤੀ ਦੇ ਸਕੇ। ਅਗੁਵਾ ਹੋਣ ਦੇ ਨਾਤੇ ਤਰਕ ਨਾ ਕਰੇ ਅਤੇ ਨਾ ਹੀ ਦੂਜਿਆਂ ਨੂੰ ਕਰਨ ਦਿਓ।ਪਰੰਤੂ ਇਹ ਠੀਕ ਹੈ ਕੀ ਲੋਕ ਆਪਣੀਆਂ ਭਾਵਨਾਵਾਂ ਨੂੰ ਦੱਸ ਸਕਣ।

3. ਯਿਸ਼ੂ ਦਾ ਬਪਤਿਸਮਾਂ ਹੋਇਆਂ, ਲੇਕਿਨ ਪਰਮੇਸ਼ੁਰ ਹੋਣ ਦੇ ਕਾਰਨ ਉਸਨੇ ਕਦੀ ਪਾਪ ਨਹੀਂ ਕੀਤਾ।

   ਇਸ ਦਾ ਅਰਥ ਇਹ ਹੈ ਕਿ ਇਹ ਕੋਈ ਧਾਰਮਿਕ ਰੀਤ ਨਹੀਂ ਹੈ ਇਸਦੇ ਦੁਵਾਰਾ ਮਨੁੱਖ ਦੇ ਜੀਵਨ ਵਿੱਚ ਪਾਪ ਖਤਮ ਹੋ ਜਾਵੇਗਾ।ਜੇ ਬਪਤਿਸਮਾ ਕਿਸੇ ਵਿਅਕਤੀ ਦੇ ਪਾਪ ਨੂੰ ਨਸ਼ਟ ਕਰਦਾ ਹੈ ਤਾਂ ਯਿਸੂ ਨੂੰ ਬਪਤਿਸਮਾ ਲੈਣ ਦੀ ਕੋਈ ਲੋੜ ਨਹੀਂ ਪੈਂਦੀ ਕਿਉਂਕਿ ਉਹ ਆਪ ਪਰਮੇਸ਼ੁਰ ਸੀ, ਉਸ ਦੇ ਵਿੱਚ ਕੋਈ ਪਾਪ ਨਹੀ ਸੀ।

4. ਜਦੋਂ ਯਿਸੂ ਪਾਣੀ ਤੋਂ ਬਾਹਰ ਆਇਆ ਉਦੋਂ ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿੱਚ ਉਸ ਉੱਤੇ ਉਤਰਿਆਂ ਅਤੇ ਸਵਰਗ ਤੋਂ ਇਹ ਆਵਾਜ਼ ਸੁਣਾਈ ਦਿੱਤੀ " ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸ਼ੰਨ ਹਾਂ।" ਅਸੀ ਤ੍ਰਿਏਕਤਾ ਦੇ ਤਿੰਨ ਵਿਅਕਤੀਆਂ ਨੂੰ ਵੇਖਦੇ ਹਾਂ ਉਹ ਕਿਹੜੇ ਹਨ?

   ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ , ਅਤੇ ਪਵਿੱਤਰ ਆਤਮਾ

5. ਯਿਸੂ ਪਰੀਖਿਆਂ ਦੇ ਲਈ ਸੈਤਾਨ ਦੁਵਾਰਾ ਜੰਗਲ ਵਿੱਚ ਲਿਆਂਦਾ ਗਿਆ ਸੈਤਾਨ ਵਾਸਤਵ ਵਿੱਚ ਹੈ। ਉਹ ਇੱਕ ਆਤਮਾ ਹੈ ਜੋ ਇਸ ਸੰਸਾਰ ਵਿੱਚ ਹੈ। ਉਸ ਦੇ ਕੋਲ ਬਹੁਤ ਸਾਰੀਆਂ ਆਤਮਾਵਾਂ ਹਨ ਜੋ ਉਸ ਦਾ ਪਾਲਣ ਕਰਦੀਆਂ ਹਨ ਜਿਨ੍ਹਾਂ ਨੂੰ ਦੁਸਟ ਆਤਮਾਵਾਂ ਕਿਹਾ ਜਾਂਦਾ ਹੈ। ਜੋ ਸਾਡੇ ਜੀਵਨ ਵਿੱਚ ਤਬਾਹੀ ਲੈ ਕੇ ਆਉਦੀਆਂ ਹਨ। ਜੋ ਪਰਮੇਸ਼ੁਰ ਦੀ ਆਤਮਾ ਦਾ ਉਲੰਘਣ ਕਰਾਉਦੀਆਂ ਹਨ। ਜਿਸ ਤਰਾਂ ਯਿਸੂ ਦੀ ਪਰੀਖਿਆਂ ਕੀਤੀ ਗਈ ਉਸ ਤਰਾਂ ਉਹ ਸਾਡੀ ਵੀ ਪਰੀਖਿਆਂ ਕਰਦਾ ਹੈ। ਪਰੰਤੂ ਬਾਈਬਲ ਸਾਨੂੰ ਕੀ ਸਿਖਾਉਂਦੀ ਹੈ ਕਿ ਯਿਸੂ ਦੇ ਵਿਪਰੀਤ ਸਾਡੀ ਪਰੀਖਿਆਂ ਉਨ੍ਹਾਂ ਬੁਰਾਈਆਂ ਨਾਲ ਹੁੰਦੀ ਹੈ ਜੋ ਸਾਡੇ ਦਿਲ ਵਿੱਚ ਹੁੰਦੀਆਂ ਹਨ। ਜਿਸਦੇ ਨਾਲ ਪਰਮੇਸ਼ੁਰ ਨਾਖੁਸ਼ ਹੁੰਦਾ ਹੈ।

6. ਯਸਾਯਾਹ ਭਵਿੱਖਵਕਤਾ ਨੇ ਭਵਿੱਖਬਾਣੀ ਕੀਤੀ ਕੇ ਯਿਸੂੰ ਝੀਲ ਦੇ ਕਿਨਾਰੇ ਰਹੇਗਾ ਅਤੇ ਉਹਨਾਂ ਦੇ ਲਈ ਜੋ ਅੰਧਕਾਰ ਵਿੱਚ ਬੈਠੇ ਹਨ ਅਤੇ ਜੋ ਮੌਤ ਦੀ ਵਾਦੀ ਵਿੱਚ ਬੈਠੇ ਹਨ . ਉਹਨਾਂ ਲਈ ਜੋਤੀ ਬਣੇਗ।

<u>ਯਿਸੂ ਦਾ ਸੁੱਭ ਸੰਦੇਸ਼</u>

## " ਯਿਸੂ ਦੇ ਅਚਰਜਕਰਮ" ਪਾਠ 3
## ਮੱਤੀ 4-9

" ਮੇਰੇ ਪਿੱਛੇ ਆਓ , ਮੈਂ ਤੁਹਾਨੂੰ ਮਨੁੱਖਾਂ ਦੇ ਫੜ੍ਹਨ ਵਾਲਾ ਬਣਾਵਾਂਗਾ।" ਮੱਤੀ 4:19

ਪੂਰਨ ਵਿਚਾਰ

1. ਯਿਸੂ ਦੇ ਆਉਣ ਦੇ ਬਾਰੇ ਵਿੱਚ ਯੂਸੁਫ ਨੂੰ ਕਿਸਨੇ ਦੱਸਿਆ ਕਿਸਨੇ ਉਸਨੂੰ ਦੱਸਿਆ ਕੇ ਉਸਦਾ ਨਾਮ " ਇਮੈਨੂੰਏਲ"ਜਾ " ਪਰਮੇਸ਼ੁਰ ਸਾਡੇ ਨਾਲ" ਹੋਵੇਗਾ।ਇਹ ਸਾਨੂੰ ਦੱਸਦਾ ਹੈ ਕਿ ਯਿਸੂ............ਸਾਡੇ ਨਾਲ ਹੈ।
2. ਬਾਲਕ ਯਿਸੂ ਨੂੰ ਕੌਣ ਮਾਰਨਾ ਚਾਹੁੰਦਾ ਸੀ ਅਤੇ ਕਿਉਂ? ਯਿਸੂ ਬਚ ਨਿਕਲਿਆਂ ਕਿਉਂਕਿ ........ਚਲੇ ਗਏ।
3. ਯਿਸੂ ਨੂੰ ਬਪਤਿਸਮਾ ਕਿਸ ਨੇ ਦਿੱਤਾ? ਯਿਸੂ ਦਾ ਬਪਤਿਸਮਾ ਸਾਨੂੰ ਸੱਚਾਈ ਨੂੰ ਦੱਸਦਾ ਹੈ ਕਿ ਬਪਤਿਸਮਾ ਦਾ ਕੰਮ ਸਾਡੇ ਜੀਵਨ ਵਿੱਚ ............ਤੋਂ ਸੁਧ ਕਰਨਾ ਨਹੀ ਹੈ।
4. ਜਦੋਂ ਯਿਸੂ ਪਾਣੀ ਤੋਂ ਬਾਹਰ ਆਇਆ ਤਾਂ ਕਬੂਤਰ ਦੀ ਤਰਾਂ ਕੁਝ ਸਵਰਗ ਤੋਂ ਉਤਰਿਆਂ ਅਤੇ ਇੱਕ ਆਵਾਜ਼ ਵੀ ਸੁਣਾਈ ਦਿੱਤੀ। ਉਹ ਕਬੂਤਰ ਕੌਣ ਸੀ ਅਤੇ ਆਵਾਜ਼ ਕਿਸ ਦੀ ਸੀ?
5. ਫਰੀਸੀਆਂ ਨੇ ਸੋਚਿਆਂ ਕੀ ਉਨ੍ਹਾਂ ਨੂੰ ਪਾਪਾਂ ਦੇ ਪਛਤਾਤਾਪ ਲਈ ਕੋਈ ਜ਼ਰੂਰਤ ਨਹੀਂ ਕਿਉਂ ਕਿ ਉਹ ਧਰਮੀ ਹਨ।ਕੀ ਇਹ ਸੰਭਵ ਹੈ ਕਿ ਕੇਵਲ ਧਰਮੀ ਬਣਨ ਨਾਲ ਕਿਸੇ ਦੇ ਪਾਪ ਮਿੱਟਦੇ ਹਨ।
6. "ਪਛਤਾਤਾਪ" ਸ਼ਬਦ ਦਾ ਕੀ ਅਰਥ ਹੈ?
7. ਪਾਪ ਕੀ ਹੈ?
8. ਨਿਰਜਨ ਥਾਂ ਵਿੱਚ ਯਿਸੂ ਦੀ ਪਰੀਖਿਆ ਕਿਸ ਨੇ ਲਈ?
9. ਯਿਸੂ ਨਿਰਜਨ ਥਾਂ ਛੱਡ ਕੇ ਕਿੱਥੇ ਗਿਆ?
   ਗਲੀਲ ਦੀ ਝੀਲ ਦੇ ਕਿਨਾਰੇ ਚੱਲਦੇ ਹੋਏ ਦੋ ਵਿਅਕਤੀਆਂ ਨੂੰ ਮਿਲਿਆਂ ਜੋ ਮੱਛੀ ਫੜ੍ਹਨ ਵਾਲੇ ਸਨ । ਉਸ ਨੇ ਉਨ੍ਹਾਂ ਨੂੰ ਬੁਲਾਇਆਂ ਅਤੇ ਕਿਹਾ,

" ਮੇਰੇ ਪਿੱਛੇ ਚੱਲੋ ਮੈਂ ਤੁਹਾਨੂੰ ਮਨੁੱਖਾਂ ਦੇ ਫੜ੍ਹਨ ਵਾਲਾ ਬਣਾਵਾਂਗਾ"

ਉਹ ਫੋਰਨ ਆਪਣੇ ਜਾਲਾਂ ਨੂੰ ਛੱਡ ਕੇ ਉਸ ਦੇ ਪਿੱਛੇ ਚਲ ਪਏ।ਉਸ ਦਿਨ ਯਿਸੂ ਨੇ ਆਪਣੇ ਪਹਿਲੇ ਚਾਰ ਚੇਲਿਆਂ ਪਤਰਸ, ਅੰਦ੍ਰਿਆਸ, ਯਾਕੂਬ ਅਤੇ ਯੂਹੰਨਾ ਨੂੰ ਬੁਲਾਇਆਂ ਉਹ ਸਾਰੇ ਮੱਛੀ ਫੜ੍ਹਨ ਵਾਲੇ ਸਨ, ਉਦੋਂ ਯਿਸੂ ਸਾਰੇ ਗਲੀਲ ਵਿੱਚ ਫਿਰਦਾ ਹੋਇਆ ਉਹਨਾਂ ਦੇ ਅਰਾਧਨਾ ਘਰਾਂ ਵਿੱਚ ਉਪਦੇਸ਼ ਦਿੰਦਾ ਹੋਇਆ, ਰਾਜ ਵਿੱਚ ਪ੍ਰਚਾਰ ਕਰਦਾ ਹੋਇਆ ਅਤੇ ਲੋਕਾਂ ਨੂੰ ਹਰ ਪ੍ਰਕਾਰ ਦੀ ਬੀਮਾਰੀ ਅਤੇ ਦੁਰਬਲਤਾ ਨੂੰ ਦੂਰ ਕਰਦਾ ਸੀ। ਜਿੱਥੇ ਕੀਤੇ ਵੀ ਉਹ ਜਾਂਦਾ ਇੱਕ ਵੱਡੀ ਭੀੜ੍ਹ ਉਸ ਦੇ ਪਿੱਛੇ ਜਾਂਦੀ ਸੀ। ਇੱਕ ਕੋੜ੍ਹੀ ਯਿਸੂ ਦੇ ਕੋਲ ਆਇਆ ਅਤੇ ਉਸ ਨੂੰ ਪ੍ਰਨਾਮ ਕਰਕੇ ਕਹਿਣ ਲੱਗਾ " ਹੇ ਪ੍ਰਭੂ ਜੇ ਤੂੰ ਚਾਹੇ ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈ।" ਯਿਸੂ ਨੇ ਮੈਨੂੰ ਚਾਹੁੰਦਾ ਹਾਂ ਕੇ ਤੂੰ ਸ਼ੁੱਧ ਹੋ ਜਾਹ ।" ਅਤੇ ਉਹ ਤੁਰੰਤ ਕੋੜ੍ਹ ਤੋਂ ਸ਼ੁੱਧ ਹੋ ਗਿਆ।

ਇੱਕ ਰੋਮੀ ਸੁੱਬੇਦਾਰ ਯਿਸੂ ਦੇ ਕੋਲ ਆਇਆ ਅਤੇ ਉਸਨੇ ਯਿਸੂ ਕੋਲ ਬੇਨਤੀ ਕੀਤੀ ਉਹ ਉਸਦੇ ਨੋਕਰ ਨੂੰ ਸ਼ੁੱਧ ਕਰੇ ਜੋ ਲਕਵੇ ਦਾ ਮਾਰਿਆ ਹੋਇਆ ਭਿਆਨਕ ਪੀੜ੍ਹਾ ਵਿੱਚ ਸੀ। ਉਸਨੇ ਵਿਸ਼ਵਾਸ ਕੀਤਾ ਯਿਸੂ ਦੀ ਸਾਮਰਥ ਉਸਨੂੰ ਚੰਗਾ ਕਰ ਸਕਦੀ ਹੈ।ਯਿਸੂ ਨੇ ਉਸਨੂੰ ਕਿਹਾ, ਸਾਰੇ ਰਾਜ ਦੇ ਲੋਕ ਸਵਰਗ ਦੇ ਰਾਜ ਵਿੱਚ ਭੋਜਨ ਕਰਨ ਲਈ ਬੈਠਣਗੇ । ਉਸ ਦਾ ਨੋਕਰ ਉਸ ਸਮੇ ਹੀ ਚੰਗਾ ਹੋ ਗਿਆ।

ਇਸ ਤੋਂ ਬਾਦ ਝੀਲ ਦੇ ਕਿਨਾਰੇ ਦੇ ਉਸ ਪਾਰ ਦੋ ਮਨੁੱਖ ਦੁਸ਼ਟ ਆਤਮਾ ਦੇ ਨਾਲ ਦੁੱਖੀ ਸਨ। ਉਹ ਕਬਰਾਂ ਵਿੱਚ ਰਹਿੰਦੇ ਸਨ। ਉਹ ਬਹੁਤ ਸ਼ਕਤੀਸ਼ਾਲੀ ਸਨ ਉਨ੍ਹਾਂ ਨੂੰ ਕੋਈ ਫੜ੍ਹ ਨਹੀਂ ਸਕਦਾ ਸੀ ਜਦੋਂ ਉਨ੍ਹਾਂ ਯਿਸੂ ਨੂੰ ਵੇਖਿਆ ਤੇ ਉੱਚੀ ਆਵਾਜ਼ ਨਾਲ ਕਿਹਾ, " ਹੇ ਪਰਮੇਸ਼ੁਰ ਦੇ ਪੁੱਤਰ ਸਾਡਾ ਤੇਰੇ ਨਾਲ ਕੀ ਕੰਮ ? ਕੀ ਤੂੰ ਸਮੇਂ ਤੋਂ ਪਹਿਲਾ ਹੀ ਸਾਨੂੰ ਦੁੱਖ ਦੇਣ ਆਇਆ ਹਾਂ?"

ਉਨ੍ਹਾਂ ਦੇ ਕੁਝ ਹੀ ਦੂਰ ਸੁਅਰਾਂ ਦਾ ਇੱਕ ਝੂੰਡ ਚਰ ਰਿਹਾ ਸੀ। ਦੁਸ਼ਟ ਆਤਮਾਵਾਂ ਨੇ ਉਸ ਨੂੰ ਬੇਨਤੀ ਕੀਤੀ " ਜੇ ਤੂੰ ਸਾਨੂੰ ਕੱਢਣਾ ਹੀ ਚਾਹੁੰਦਾ ਹੈ ਤ ਆਗਿਆ ਦੇ ਅਸੀਂ ਸੂਰ ਵਿੱਚ ਚਲੇ ਜਾਈਏ" ਉਸ ਨੇ ਉਨ੍ਹਾਂ ਨੂੰ ਕਿਹਾ "ਜਾਓ" ਉਹ ਮਨੁੱਖ ਵਿਚੋਂ ਨਿਕਲ ਕੇ ਸੁਅਰਾਂ ਵਿੱਚ ਚਲੀਆਂ ਗਈਆਂ।

ਪੂਰਾ ਝੁੰਡ ਸਮੁੰਦਰ ਵਿੱਚ ਜਾ ਪਿਆ ਅਤੇ ਡੁੰਬ ਗਿਆ ਅਤੇ ਚਰ੍ਹਵਾਹੇ ਦੋੜ੍ਹਕੇ ਨਗਰ ਵਿੱਚ ਗਏ ਅਤੇ ਉਹ ਸਾਰੀਆਂ ਗੱਲਾਂ ਉਸ ਦੁਸ਼ਟ ਆਤਮਾ ਵਾਲੇ ਆਦਮੀ ਨਾਲ ਬੀਤੀਆਂ ਉਹ ਸਾਰਾ ਹਾਲ ਦੱਸਿਆ ਸਾਰੇ ਲੋਕ ਨਗਰ ਦੇ ਲੋਕ ਨਿਕਲ ਕੇ ਯਿਸੂ ਨੂੰ ਮਿਲਨ ਲਈ ਆਏ ਅਤੇ ਉਸ ਨੂੰ ਬੇਨਤੀ ਕੀਤੀ ਕੀ ਸਾਡੇ ਨਗਰ ਤੋਂ ਚੱਲਿਆ ਜਾਵੇ।

ਉਹ ਬ੍ਹੇੜੀ ਤੇ ਬੈਠ ਕੇ ਪਾਰ ਗਿਆ ਅਤੇ ਆਪਣੇ ਨਗਰ ਵਿੱਚ ਆਇਆ। ਉਥੇ ਉਹ ਮੱਤੀ ਨਾਮ ਦੇ ਮਨੁੱਖ ਨੂੰ ਮਿਲਿਆਂ ਜੋ ਚੁੰਗੀ ਲੈਂਦਾ ਸੀ। ਯਿਸੂ ਨੇ ਉਸ ਨੂੰ ਕਿਹਾ, ਮੇਰੇ ਪਿੱਛੇ ਆ। ਉਹ ਉੱਠਿਆਂ ਅਤੇ ਉਹ ਦੇ ਪਿੱਛੇ ਚਲ ਪਿਆਂ। ਫਿਰ ਉਸ ਰਾਤ ਯਿਸੂ ਅਤੇ ਉਸਦੇ ਚੇਲੇ ਚੁੰਗੀ ਲੈਣ ਵਾਲੇ ਅਤੇ ਪਾਪੀ ਲੋਕਾਂ ਨਾਲ ਭੋਜਨ ਕਰਨ ਲਈ ਬੈਠੇ ਇਹ ਦੇਖਕੇ ਫਰੀਸੀਆਂ ਨੇ ਉਸਦੇ ਚੇਲਿਆਂ ਨੂੰ ਕਿਹਾ, ਕੀ ਤੁਹਾਡਾ ਗੁਰੂ ਪਾਪੀਆਂ ਅਤੇ ਚੁੰਗੀ ਲੈਣ ਵਾਲਿਆਂ ਨਾਲ ਕਿਉਂ ਖਾਂਦਾ ਹੈ।? "

ਪਰੰਤੂ ਉਸਨੇ ਇਹ ਸੁਣ ਕੇ ਕਿਹਾ, " ਭਲੇ ਚੰਗਿਆਂ ਨੂੰ ਵੈਦ ਦੀ ਲੋੜ੍ਹ ਨਹੀਂ ਹੈ ਲੇਕਿਨ ਬੀਮਾਰਾਂ ਨੂੰ ਹੁੰਦੀ ਹੈ।" ਪਰੰਤੂ ਜਾਓ ਅਤੇ ਇਸਦਾ ਅਰਥ ਸਿੱਖੋ: ਮੈਂ ਬਲੀਦਾਨ ਨਹੀਂ ਦਯਾ ਚਾਹੁੰਦਾ ਹਾਂ।" ਮੈਂ ਧਰਮੀਆਂ ਨੂੰ ਨਹੀਂ ਪਰੰਤੂ ਪਾਪੀਆਂ ਨੂੰ ਬੁਲਾਉਣ ਆਇਆਂ ਹਾਂ ਕੇ ਉਹ ਪਛਤਾਤਾਪ ਕਰਨ।

ਮੁੱਖ ਪ੍ਰਸ਼ਨ

1. ਯਿਸੂ ਦੇ ਚੇਲਿਆਂ ਦਾ ਕੀ ਕੰਮ ਸੀ?
2. ਜਦ ਯਿਸੂ ਨੇ ਉਨ੍ਹਾਂ ਨੂੰ ਆਪਣੇ ਪਿੱਛੇ ਚੱਲਣ ਲਈ ਕਿਹਾ, ਤਦ ਉਨ੍ਹਾਂ ਨੇ ਕੀ ਕੀਤਾ?
3. ਯਿਸੂ ਗਲੀਲ਼ ਦੀ ਸਾਰੀਆਂ ਥਾਵਾਂ ਤੇ ਗਿਆ ਭੀੜ੍ਹ ਉਸ ਦੇ ਪਿੱਛੇ ਚਲ ਰਹੀ ਸੀ। ਉਹ ਐਸਾ ਕੀ ਕਰ ਰਿਹਾ ਸੀ ਕੀ ਸਭ ਦਾ ਧਿਆਨ ਉਸ ਵੱਲ ਸੀ?
4. ਮੱਤੀ ਦੀ ਪੁਸਤਕ ਵਿੱਚ ਪਹਿਲੀ ਚੰਗਾਈ ਕਿਹੜੀ ਲਿਖੀ ਗਈ?
5. ਰੋਮੀ ਸੂਬੇਦਾਰ ਦੇ ਨੋਕਰ ਨੂੰ ਕੀ ਸਮੱਸਿਆਂ ਸੀ?
6. ਦੁਸ਼ਟ ਆਤਮਾ ਵਾਲੇ ਮਨੁੱਖ ਕਿੱਥੇ ਰਹਿੰਦੇ ਸਨ? ਉਹ ਕਿਸ ਤਰਾਂ ਦੇ ਮਨੁੱਖ ਸਨ?
7. ਯਿਸੂ ਨੂੰ ਵੇਖਕੇ ਦੁਸ਼ਟ ਆਤਮਾਵਾਂ ਦਾ ਕੀ ਹੋਇਆਂ?
8. ਸੁਅਰਾਂ ਦਾ ਕੀ ਹੋਇਆਂ?
9. ਸੁਅਰ ਚਾਰਨ ਵਾਲਿਆਂ ਦੀ ਪ੍ਰਤੀਕ੍ਰਿਆਂ ਸੀ?
10. ਮੱਤੀ ਕਿਸ ਤਰ੍ਹਾਂ ਦਾ ਮਨੁੱਖ ਸੀ?
11. ਯਿਸੂ ਨੇ ਕਿਸ ਤਰ੍ਹਾਂ ਦੇ ਲੋਕਾਂ ਨਾਲ ਭੋਜਨ ਕੀਤਾ?
12. ਇਹ ਦੇਖ ਨੇ ਫਰੀਸੀਆਂ ਨੇ ਕੀ ਕਿਹਾ, ?
13. ਯਿਸੂ ਨੇ ਫਰੀਸੀਆਂ ਨੂੰ ਕੀ ਉੱਤਰ ਦਿੱਤਾ?

# ਯਿਸੂ ਦਾ ਸੁਭ ਸੰਦੇਸ਼

## ਆਤਮਕਿ ਸੱਚਾਈਆਂ -ਪਾਠ 3
## ਮੱਤੀ 4-9

1. ਯਿਸੂ ਲੋਕਾਂ ਦੇ ਵਿੱਚ ਕੋਈ ਮਤਭੇਦ ਨਹੀਂ ਕਰਦਾ।
   . ਯਿਸੂ ਦੇ ਪਹਿਲੇ ਚੇਲੇ ਮੱਛੀ ਫੜ੍ਹਨ ਵਾਲੇ ਸਨ ਅਤੇ ਜੋ ਸਿੱਖਿਆਂ ਤੋਂ ਬਗੈਰ, ਸਾਧਾਰਨ ਮਨੁੱਖ ਸਨ।
   . ਕੋੜ੍ਹੀ ਮਨੁੱਖ ਨੂੰ ਨਗਰ ਤੋਂ ਬਾਹਰ ਕੱਢ ਦਿੱਤਾ ਗਿਆ ਸੀ, ਉਹ ਆਪਣੇ ਰੋਗ ਨਾਲ ਕਰੂਪ ਹੋ ਗਿਆ ਸੀ, ਅਤੇ ਲੋਕ ਉਸ ਨਾਲ ਘ੍ਰਿਣਾ ਕਰਦੇ ਸਨ।
   . ਰੋਮੀ ਸੂਬੇਦਾਰ ਦਾ ਨੌਕਰ ਇਹ ਅਪਾਹਿਜ ਵਿਆਕਤੀ ਸੀ ਉਸਨੇ ਕੋਲ ਨਾ ਧੰਨ ਸੀ ਅਤੇ ਨਾ ਹੀ ਸਮਾਜ ਵਿੱਚ ਕੋਈ ਰੁਬਤਾ ਸੀ।
   . ਮੱਤੀ ਇੱਕ ਚੁੰਗੀ ਲੈਣ ਵਾਲਾ ਸੀ, ਸੰਭਵ ਉਹ ਧਨੀ ਅਤੇ ਭਰਸ਼ਟ ਸੀ।
   . ਨਗਰ ਵਾਸੀਆਂ ਦੁਵਾਰਾ ਦੁਸ਼ਟ ਆਤਮਾ ਵਾਲੇ ਵਿਅਕਤੀ ਇੰਨ੍ਹੇ ਘ੍ਰਿਣਾ ਵਾਲੇ ਸਨ, ਨਗਰ ਵਾਸੀਆਂ ਨੂੰ ਉਸ ਦੀ ਚੰਗਾਈ ਤੋਂ ਇਲਾਵਾ ਉਨ੍ਹਾਂ ਨੂੰ ਆਪਣੇ ਸੁਅਰਾਂ ਦੀ ਵੱਧ ਚਿੰਤਾ ਸੀ ਕਿਉਂਕ ਉਨ੍ਹਾਂ ਨੂੰ ਕਬਰਾਂ ਵਿੱਚ ਰਹਿਣਾ ਪੈਂਦਾ ਸੀ।
   . ਪਰ ਯਿਸੂ ਲਈ ਉਹ ਸਾਰੇ ਵਿਅਕਤੀ ਮਹੱਤਵਪੂਰਨ ਅਤੇ ਮੁੱਲਵਾਨ ਸਨ। ਪਰਮੇਸ਼ੁਰ ਦੀ ਨਜ਼ਰ ਵਿੱਚ ਤੁਸੀਂ ਯੋਗ ਅਤੇ ਮੂਲਵਾਨ ਹੋ। ਪਰਮੇਸ਼ੁਰ ਦੇ ਸਾਹਮਣੇ ਤੁਹਾਡੇ ਭੂਤਕਾਲ, ਧੰਨ, ਰੂਪ, ਅਤੇ ਸਮਾਜ ਵਿੱਚ ਤੁਹਾਡੇ ਸਥਾਨ ਦਾ ਕੋਈ ਅਰਥ ਨਹੀਂ ਹੈ।
2. ਯਿਸੂ ਦੇ ਕੋਲ ਸਾਰੇ ਰੋਗਾਂ ਨੂੰ ਚੰਗਾ ਕਰਨ ਦੀ ਸ਼ਕਤੀ ਹੈ। ਇਸ ਕਹਾਣੀ ਵਿੱਚ ਲੋਕਾਂ ਨੂੰ ਚੰਗਾ ਕਰਨ ਲਈ ਕਿਹੜੇ ਕਿਹੜੇ ਉਦਾਹਰਣ ਦਿੱਤੇ ਗਏ?
3. ਯਿਸੂ ਨੂੰ ਦੁਸਟ ਆਤਮਾ ਤੇ ਅਧਿਕਾਰ ਹੈ। ਕਈ ਵਾਰ ਲੋਕ ਦੁਸਟ ਆਤਮਾ ਦੇ ਪ੍ਰਭਾਵ ਵਿੱਚ ਆਂ ਜਾਂਦੇ ਹਨ, ਜਦੋਂ ਉਹ ਚੰਗੇ ਕੰਮਾਂ ਤੇ ਹੁੰਦੇ ਹਨ।ਲੇਕਿਨ ਇਸ ਤੋਂ ਪਹਿਲਾ ਕੀ ਉਹਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਨਾਲ ਕੀ ਵਾਪਰ ਰਿਹਾ ਹੈ।ਦੁਸਟ ਆਤਮਾਵਾਂ ਉਨ੍ਹਾਂ ਤੇ ਆਪਣਾ ਪ੍ਰਭਾਵ ਕਰ ਚੁੱਕੀ ਹੁੰਦੀਆਂ ਹਨ।ਇਹ ਦੁਸਟ ਆਤਮਾਵਾਂ ਉਨ੍ਹਾਂ ਨੂੰ ਚਲਾਉਦੀਆਂ ਅਤੇ ਦੁੱਖੀ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਇਕੱਲਾ ਨਹੀਂ ਛੱਡਦੀਆਂ।ਉਨ੍ਹਾਂ ਦੇ ਕੋਲ ਕੋਈ ਸ਼ਕਤੀ ਨਹੀਂ ਹੈ ਕੇ ਉਹ ਇਸ ਦੁਸ਼ਟ ਆਤਮਾਵਾਂ ਤੋਂ ਛੁਟਕਾਰਾ ਪਾ ਸਕਣ। ਯਿਸੂ ਨੂੰ ਹਰ ਦੁਸ਼ਟ ਆਤਮਾ ਜੋ ਇਸ ਸੰਸਾਰ ਵਿੱਚ ਹੈ, ਉਨ੍ਹਾਂ ਤੇ ਅਧਿਕਾਰ ਹੈ ਅਤੇ ਸ਼ਕਤੀ ਪ੍ਰਾਪਤ ਹੈ।ਅਸੀਂ ਕੇਵਲ ਯਿਸੂ ਦੇ ਦੁਵਾਰਾ ਹੀ ਇਹ ਬੁਰੀਆਂ ਆਤਮਾਵਾਂ ਤੇ ਆਜ਼ਾਦ ਪਾ ਸਕਦੇ ਹਾਂ।
4. ਯਿਸੂ ਪਾਪੀ ਮਨੁੱਖ ਨਾਲ ਪਿਆਰ ਕਰਦਾ ਹੈ।ਉਹ ਸਾਰੇ ਪਾਪੀਆਂ ਨੂੰ ਗ੍ਰਹਿਣ ਕਰਦਾ ਹੈ।ਯਿਸੂ ਮਨੁੱਖ ਨੂੰ ਸਜ਼ਾ ਨਹੀ ਦੇਣਾ ਚਾਹੁੰਦਾ। ਪਰੰਤੂ ਉਸ ਦੀ ਇੱਛਾ ਹੈ ਹਰ ਪਾਪੀ ਤੌਬਾ ਕਰੇ ਅਤੇ ਮਾਫੀ ਪਾਵੇ।
5. ਧਾਰਮਿਕ ਆਗੂ ਅਤੇ ਫਰੀਸੀਆਂ ਨੇ ਆਪਣੇ ਪਾਪਾਂ ਦਾ ਤੌਬਾ ਨਹੀਂ ਕੀਤਾ, ਕਿਉਂ ਉਨ੍ਹਾਂ ਨੇ ਸੋਚਿਆਂ ਕਿ ਉਹ ਪਾਪੀਆਂ ਨਾਲੋਂ ਚੰਗੇ ਹਨ ਜੋ ਯਿਸੂ ਨਾਲ ਭੋਜਨ ਕਰ ਰਹੇ ਸੀ। ਚੰਗਾ ਕੀ ਹੈ? ਇੱਕ ਵੱਡਾ ਪਾਪੀ ਜਿਸਨੂੰ ਪਾਪਾਂ ਤੋਂ ਮਾਫੀ ਮਿਲੀ ਜਾਂ ਥੋੜ੍ਹੇ ਪਾਪਾਂ ਦੇ ਨਾਲ ਇਕ ਉਹ ਮਨੁੱਖ ਜਿਸਨੇ ਤੌਬਾ ਨਹੀਂ ਕੀਤਾ?
   . ਉਹ ਵੱਧ ਚੰਗਾ ਹੈ ਕਿ ਇੱਕ ਵੱਡਾ ਪਾਪੀ ਹੁੰਦੇ ਹੋਏ ਉਸਨੂੰ ਪਾਪਾਂ ਤੋਂ ਮਾਫੀ ਮਿਲੀ ਹੋਵੇ।
   ਅਸੀ ਜਿਸ ਤਰ੍ਹਾਂ ਦੇ ਵੀ ਹੋਈਏ ਉਹ ਸਾਨੂੰ ਗ੍ਰਹਿਣ ਕਰਦਾ ਅਤੇ ਸਾਡੇ ਨਾਲ ਪਿਆਰ ਕਰਦਾ ਹੈ।ਇਹ ਉਸਦੇ ਲਈ ਅਰਥ ਨਹੀਂ ਰੱਖਦਾ ਕੇ ਅਸੀਂ ਕਿੰਨ੍ਹੇ ਪਾਪੀ ਹਾਂ, ਗਰੀਬ ਹਾਂ, ਘੱਟ ਪੜ੍ਹੇ ਲਿਖੇ ਹਾਂ, ਜਾਂ ਸਾਡੀਆਂ ਬਹੁਤ ਸਾਰੀਆਂ ਮੁਸ਼ਕਲਾਂ ਹਨ, ਜਾਂ ਅਸੀਂ ਬੀਮਾਰ ਹਾਂ,। ਉਸ ਦੀ ਨਜ਼ਰ ਵਿੱਚ ਅਸੀ ਬਰਾਬਰ ਹਾਂ।ਮੁੱਖ ਗੱਲ ਇਹ ਹੈ ਅਸੀਂ ਤੌਬਾ ਕਰੀਏ ਅਤੇ ਉਸਦੇ ਪਿੱਛੇ ਚੱਲੀਏ।

## " ਯਿਸੂ ਦੀ ਸਿੱਖਿਆਵਾਂ" ਪਾਠ 4
## ਮੱਤੀ 10:16

" ਮੈਂ ਬਲੀਦਾਨ ਚਾਹੁੰਦਾ ਹਾਂ, ਬਲੀਦਾਨ ਨਹੀਂ" ਮੱਤੀ 12:7

ਵਿਚਾਰ

1. ਯਿਸੂ ਦਾ ਜਨਮ ਇੱਕ ਯਹੂਦੀ ਇਸਤਰੀ ਦੁਵਾਰਾ ਹੋਇਆਂ ਜਿਸਦਾ ਨਾਮ ............ਸੀ।
2. ਪੂਰਬ ਦਿਸ਼ਾ ਦੇ ਯੋਤਸ਼ੀਆਂ ਨੇ ਯਿਸੂ ਨੂੰ ਲੱਭ ਲਿਆ ਕਿਉਂਕਿ ਉਹ ਇੱਕ ............ਦਾ ਪਿੱਛਾ ਕਰ ਰਹੇ ਸੀ।
3. ਯੋਤਸ਼ੀ ਵਾਪਸ ਮੁੜ੍ਹ ਕੇ ਹੇਰੋਦੇਸ ਕੋਲ ਨਹੀਂ ਗਏ, ਕਿਉਂਕਿ ਉਨ੍ਹਾਂ ਪਰਮੇਸ਼ੁਰ .........ਵਿੱਚ ਉਹ ਚੇਤਾਵਨੀ
   ਮਿਲੀ ਕੇ ਦੂਜੇ ਰਸਤੇ ਥਾਣੀ ਆਪਣੇ ਦੇਸ਼ ਵਾਪਸ ਜਾਣ।
4. ਯੂਹੰਨਾ ਬਪਤਿਸਮਾ ਜੰਗਲ ਵਿੱਚ ਰਹਿ ਕੇ ਪ੍ਰਚਾਰ ਕਰਨ ਲੱਗਾ ਅਤੇ ਕਿ ਆਪਣੇ ਪਾਪਾਂ ਦਾ ਅੰਗੀਕਾਰ ਕਰਦੇ ਸੀ, ਉਸਨੇ ਉਨ੍ਹਾਂ ............ਦਿੱਤਾ।
5. "ਤੌਬਾ ਦਾ ਕੀ ਅਰਥ ਹੈ?
6. ਜਦੋਂ ਯਿਸੂ ਦਾ ਬਪਤਿਸਮਾ ਹੋਇਆ ਤਦ ............ਕਬੂਤਰ ਦੇ ਵਾਂਗ ਧਰਤੀ ਤੇ ਉਤਰਿਆਂ ਅਤੇ ਇੱਕ ਅਕਾਸ਼ਵਾਣੀ ਸੁਣਾਈ ਦਿੱਤੀ। ਇਹ ਪਰਮੇਸ਼ੁਰ ਦੇ ਤਿੰਨ ਵਿਅਕਤੀਆਂ ਨੂੰ ਦਰਸਾਉਂਦਾ ਹੈ।ਪਰਮੇਸ਼ੁਰ ......ਪਰਮੇਸ਼ੁਰ............ਅਤੇ ਪਰਮੇਸ਼ੁਰ .........।ਇਸ ਨੂੰ ਅਸੀਂ ਤ੍ਰਿਏਕਤਾ ਕਹਿੰਦੇ ਹਾਂ।
7. ਯਿਸੂ ਦੀ ਪਰੀਖਿਆਂ ............ਦੇ ਦੁਆਰਾ ਨਿਰਜਨ ਥਾਂ ਵਿੱਚ ਹੋਈ।
8. ਯਿਸੂ ਦੇ ਪਹਿਲੇ ਚੇਲੇ ਕੰਮ ਵਿੱਚ ............ਸੀ।
9. ਦੋ ਮਨੁੱਖ ਦੁਸ਼ਟ ਆਤਮਾ ਨਾਲ ਪੀੜ੍ਹਤ ਸਨ , ਉਹ ਯਿਸੂ ਨੂੰ ਮਿਲੇ । ਯਿਸੂ ਨੇ ਉਨ੍ਹਾਂ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ? ਯਿਸੂ ਦੇ ਇਸ ਕੰਮ ਤੇ ਨਗਰ ਵਾਸੀਆਂ ਨੇ ਕੀ ਪ੍ਰਤੀਕਿਰਿਆਂ ਕੀਤੀ?
10. ਯਿਸੂ ਨੇ ਕਿਹੜੇ ਲੋਕਾਂ ਨਾਲ ਭੋਜਨ ਕੀਤਾ ਸੀ ਜਿਸ ਦੀ ਅਲੋਚਨਾ ਫਰੀਸੀ ਕਰ ਰਹੇ ਸਨ?
11. ਕੀ ਉਹ ਮਨੁੱਖ ਚੰਗਾ ਹੈ ਜਿਸ ਨੇ ਵੱਧ ਪਾਪ ਕੀਤੇ ਅਤੇ ਤੌਬਾ ਕੀਤਾ, ਜਾਂ ਉਹ ਮਨੁੱਖ ਜਿਸ ਦੇ ਘੱਟ ਪਾਪ ਮਾਫ ਹੋਏ ਅਤੇ ਤੌਬਾ ਨਹੀਂ ਕੀਤਾ?

ਯਿਸੂ ਮਸੀਹ ਨੇ ਬਾਰ੍ਹਾਂ ਮਨੁੱਖਾਂ ਨੂੰ ਆਪਣਾ ਚੇਲਾ ਬਣਾਉਣ ਲਈ ਚੁਣ ਲਿਆ ਕੇ ਉਹ ਉਸਦੇ ਨਾਲ ਰਹੇ ਅਤੇ ਉਨ੍ਹਾਂ ਨੂੰ ਸਿੱਖਿਆ ਦੇਵੇ।ਉਸਨੇ ਉਨ੍ਹਾਂ ਬਾਰ੍ਹਾਂ ਨੂੰ ਦੁਸ਼ਟ ਆਤਮਾਵਾਂ ਤੇ ਅਧਿਕਾਰ ਦਿੱਤਾ ਅਤੇ ਉਨ੍ਹਾਂ ਨੂੰ ਕੱਢਣ ਅਤੇ ਸਭ ਪ੍ਰਕਾਰ ਦੀ ਬੀਮਾਰੀ ਅਤੇ ਦੁਰਲਭਤਾ ਨੂੰ ਦੂਰ ਕਰਨ ਦੀ ਸ਼ਕਤੀ ਦਿੱਤੀ। ਉਸਨੇ ਉਨ੍ਹਾਂ ਨੂੰ ਕਿਹਾ, ਤੁਹਾਨੂੰ ਮੁਫਤ ਮਿਲਿਆ ਹੈ, ਮੁਫਤ ਵਿੱਚ ਦੇਵੋ। ਉਸਨੇ ਉਨ੍ਹਾਂ ਨੂੰ ਭੇਜਿਆਂ ਉਨ੍ਹਾਂ ਵਿੱਚ ਯਹੂਦਾ ਇਸਕਰਿਉਤੀ ਸੀ।
ਯਿਸੂ ਨੇ ਉਨ੍ਹਾਂ ਨੂੰ ਇਸਰਾਏਲ ਦੇ ਸਾਰੇ ਯਹੂਦੀਆਂ ਦੇ ਕੋਲ ਭੇਜਿਆ ਕਿ ਉਹ ਤੌਬਾ ਕਰਨ ਅਤੇ ਯਿਸੂ ਮਸੀਹ ਤੇ ਵਿਸ਼ਵਾਸ ਕਰਨ। ਇਹਨਾਂ ਬਾਰ੍ਹਾਂ ਨੂੰ ਯਿਸੂ ਨੇ ਇਹ ਕਹਿ ਕੇ ਭੇਜਿਆ " ਹਰੇਕ ਕੋਈ ਜੋ ਮਨੁੱਖਾਂ ਦੇ ਸਾਹਮਣੇ ਮੈਨੂੰ ਸਵੀਕਾਰ ਕਰੇਗਾ, ਮੈਂ ਵੀ ਉਸਨੂੰ ਆਪਣੇ ਪਿਤਾ ਦੇ ਸਾਹਮਣੇ ਜੋ ਸਵਰਗ ਵਿੱਚ ਹੈ ਸਵੀਕਾਰ ਕਰਾਂਗਾ। ਪਰ ਜੋ ਮਨੁੱਖਾਂ ਦੇ ਸਾਹਮਣੇ ਮੈਨੂੰ ਸਵੀਕਾਰ ਨਹੀਂ ਕਰੇਗਾ ਮੈਂ ਵੀ ਪਿਤਾ ਦੇ ਸਨਮੁੱਖ ਜੋ ਸਵਰਗ ਵਿੱਚ ਹੈ ਸਵੀਕਾਰ ਨਹੀਂ ਕਰਾਂਗਾ।"
ਯਿਸੂ ਜਦੋਂ ਆਪ ਗਲੀਲ ਵਿੱਚ ਸਿੱਖਿਆ ਦੇਣ ਗਏ, ਪਰਚਾਰ ਕਰਨ ਅਤੇ ਹਰ ਪ੍ਰਕਾਰ ਦੀਆਂ ਬੀਮਾਰੀਆਂ ਨੂੰ ਠੀਕ ਕਰਨ ਲਈ ਗਏ।ਪਰੰਤੂ ਨਗਰ ਵਾਸੀਆਂ ਨੇ, ਜਿਨ੍ਹਾਂ ਦੇ ਨਾਲ ਉਨ੍ਹਾਂ ਨੇ ਜ਼ਿਆਦਾ ਸਮੇਂ ਬਤੀਤ ਕੀਤਾ , ਉਨ੍ਹਾਂ ਨੇ ਉਨ੍ਹਾਂ ਦਾ ਸੰਦੇਸ਼ ਸਵੀਕਾਰ ਨਹੀਂ ਕੀਤਾ ਕਫਰਨਾਹੂਮ ਨਗਰ ਵਿੱਚ, ਜਿੱਥੇ ਉਨ੍ਹਾਂ ਨੇ ਸੇਵਕਾਈ ਸ਼ੁਰੂ ਕੀਤੀ, ਸਵੀਕਾਰ ਨਹੀਂ ਕੀਤਾ। ਇਹਨਾਂ ਗੱਲਾਂ ਨੂੰ ਵੇਖ ਕੇ ਯਿਸੂ ਨੇ ਆਪਣੇ ਪਿਤਾ ਨੂੰ ਕਿਹਾ, " ਹੇ ਪਿਤਾ ਸਵਰਗ ਅਤੇ ਧਰਤੀ ਦੇ ਪ੍ਰਭੂ, ਮੈਂ ਤੇਰੀ ਸਤੂਤੀ ਕਰਦਾ ਹਾਂ, ਤੂੰ ਇਹ ਗੱਲਾਂ ਗਿਆਨੀਆਂ ਅਤੇ ਬੁੱਧੀਮਾਨਾਂ ਤੋਂ ਛਿਪਾ ਕੇ ਰੱਖੀਆਂ ਅਤੇ ਆਪਣੇ ਬੱਚਿਆਂ ਤੇ ਪ੍ਰਗਟ ਕੀਤੀਆਂ ਹਨ।ਹਾਂ ਪਿਤਾ ਤੈਨੂੰ ਇਹ ਹੀ ਚੰਗਾ ਲੱਗਾ। ਮੇਰੇ ਪਿਤਾ ਦੇ ਦੁਵਾਰਾ ਮੈਨੂੰ ਸਭ ਕੁਝ ਸੌਂਪਿਆਂ ਹੈ, ਪਿਤਾ ਦੇ ਇਲਾਵਾ ਪੁੱਤਰ ਨੂੰ ਕੋਈ ਨਹੀਂ ਜਾਣਦਾ ਨਾ ਪਿਤਾ ਦੇ ਇਲਾਵਾ ਪਿਤਾ ਨੂੰ ਕੋਈ ਜਾਣਦਾ ਹੈ ਹਾਂ ਉਹੀ ਜਿਸ ਉੱਤੇ ਪੁੱਤਰ ਉਸ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ।ਹੇ ਸਭ ਥੱਕੇ ਅਤੇ ਬੋਝ ਦੇ ਹੇਠ ਧੱਬੇ ਲੋਕੋ, ਮੇਰੇ ਕੋਲ ਆਓ ਮੈਂ ਤੁਹਾਨੂੰ ਅਰਾਮ ਦੇਵਾਂਗਾ। ਮੇਰਾ ਜੂਲਾ ਸਹਜ ਅਤੇ ਮੇਰਾ ਬੋਝ ਹਲਕਾ ਹੈ"

ਜਦ ਯਿਸੂ ਸਬਤ ਦੇ ਦਿਨ ਖੇਤਾਂ ਵਿੱਚੋਂ ਚਲ ਕੇ ਗਿਆ, ਉਸਦੇ ਚੇਲਿਆਂ ਨੂੰ ਭੁੱਖ ਲੱਗੀ ਅਤੇ ਉਹ ਸਿੱਟੇ ਤੋੜ ਤੋੜ ਖਾਣ ਲੱਗੇ। ਇਹ ਵੇਖਕੇ ਫਰੀਸੀ ਜੋ ਧਾਰਮਿਕ ਅਗੁਵੇ ਸਨ । ਚੇਲਿਆਂ ਨੂੰ ਕਹਿਣ ਲੱਗੇ, ਕਿਉਂਕਿ ਵਿਵਸਥਾ ਵਿੱਚ ਸਬਤ ਦੇ ਦਿਨ ਕੰਮ ਕਰਨਾ ਠੀਕ ਨਹੀਂ ਸੀ। ਯਿਸੂ ਨੇ ਇਹ ਕਹਿੰਦੇ ਹੋਏ ਕਿਹਾ, ਉਹ ਹੁਣ ਤੱਕ ਪਰਮੇਸ਼ੁਰ ਦੇ ਨਿਯਨ ਨੂੰ ਨਹੀਂ ਸਮਝਦੇ, ਕਿਉਂਕਿ ਲਿਖਿਆਂ ਹੈ, " ਮੈਂ ਦਯਾ ਚਾਹੁੰਦਾ ਹਾਂ ਬਲੀਦਾਨ ਨਹੀਂ।"

ਖੇਤ ਵਿੱਚੋਂ ਨਿਕਲ ਕੇ ਯਿਸੂ ਅਤੇ ਉਸਦੇ ਚੇਲੇ ਅਰਾਧਨਾ ਘਰ ਵਿੱਚ ਗਏ। ਉਸ ਥਾਂ ਉੱਤੇ ਉਨ੍ਹਾਂ ਨੂੰ ਸੁੱਕੇ ਹੱਥ ਵਾਲਾ ਆਦਮੀ ਮਿਲਿਆਂ। ਯਿਸੂ ਨੇ ਉਸਨੂੰ ਹੱਥ ਅੱਗੇ ਕਰਨ ਨੂੰ ਕਿਹਾ, ਅਤੇ ਸਬਤ ਦੇ ਦਿਨ ਅਰਾਧਨਾ ਘਰ ਵਿੱਚ ਉਸਨੂੰ ਚੰਗਾ ਕੀਤਾ। ਤਦ ਫਰੀਸੀ ਬਾਹਰ ਨਿਕਲੇ ਅਤੇ ਉਸਦੇ ਵਿਰੋਧ ਵਿੱਚ ਹੋਏ ਕੀ ਕਿਸ ਤਰ੍ਹਾਂ ਉਸ ਨੂੰ ਨਸ਼ਟ ਕਰਨ । ਪਰੰਤੂ ਯਿਸੂ ਇਹ ਜਾਣ ਗਿਆ ਅਤੇ ਬਾਹਰ ਨਿੱਕਲ ਗਿਆ।ਅਤੇ ਬਹੁਤ ਸਾਰੇ ਲੋਕ ਉਸ ਦੇ ਪਿੱਛੇ ਚੱਲ ਪਏ।ਅਤੇ ਉਸਨੇ ਸਭ ਨੂੰ ਚੰਗਾ ਕੀਤਾ, ਯਿਸੂ ਨੇ ਉਨ੍ਹਾਂ ਖਬਰਦਾਰ ਕੀਤਾ ਕਿ ਕਿਸੇ ਨੂੰ ਨਾ ਦੱਸਣ। ਯਿਸੂ ਕੁਝ ਹੋਰ ਦਿਨ ਉਸ ਨਗਰ ਦੇ ਲੋਕਾਂ ਨੂੰ ਸਿੱਖਿਆ ਦਿੰਦਾ ਰਿਹਾ ਅਤੇ ਉਨ੍ਹਾਂ ਨੂੰ ਉਹਨਾਂ ਦੀਆਂ ਬੀਮਾਰੀਆਂ ਤੋਂ ਚੰਗਾ ਕਰਦਾ ਰਿਹਾ। ਦੋ ਵਾਰ ਇਸ ਤਰ੍ਹਾਂ ਹੋਇਆਂ ਲੋਕ ਬਹੁਤ ਲੰਬੇ ਸਮੇਂ ਤਕ ਉਸਦੀ ਸਿੱਖਿਆ ਨੂੰ ਸੁਣਦੇ ਰਹੇ ਜੰਗਲ ਵਿੱਚ ਬਿਨਾਂ ਭੋਜਨ ਖਾਏ।ਦੋਨੋ ਵਾਰੀ ਯਿਸੂ ਨੇ ਸੱਤ ਤੋਂ ਘੱਟ ਰੋਟੀ ਅਤੇ ਕੁਝ ਮੱਛਲੀਆਂ ਦੇ ਨਾਲ ਲੱਗਭੱਗ ਚਾਰ ਹਜ਼ਾਰ ਮਨੁੱਖਾਂ ਨੂੰ ਭੋਜਨ ਖਿਲਾਇਆਂ।

ਜਦ ਉਹ ਗਲੀਲ ਵਿੱਚ ਸੀ, ਉਸਨੇ ਚੇਲ਼ਿਆਂ ਨੂੰ ਦੱਸਿਆਂ ਕਿ ਉਹ ਯਰੂਸ਼ਲਮ ਜਾਵੇਗਾ ਅਤੇ ਉੱਥੇ ਭਿਆਨਕ ਘਟਨਾਵਾਂ ਹੋਣਗੀਆਂ ਅਤੇ ਉਸਨੇ ਕਿਹਾ, ਉਹ ਸ਼ਾਸਤਰੀਆਂ ਦੁਵਾਰਾ ਦੁੱਖ ਉਠਾਵੇਗਾਂ ਅਤੇ ਮਾਰ ਦਿੱਤਾ ਜਾਵੇਗਾ ਅਤੇ ਤਿੰਨ ਦਿਨ ਦੇ ਬਾਦ ਉਹ ਫਿਰ ਜਿੰਦਾ ਹੋ ਜਾਵੇਗਾ।

ਮੁੱਖ ਪ੍ਰਸ਼ਨ

1. ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹੜੇ ਕੰਮ ਕਰਨ ਲਈ ਸੋਪਿਆਂ?
2. ਯਿਸੂ ਨੇ ਉਨ੍ਹਾਂ ਲੋਕਾਂ ਦੇ ਲਈ ਕੀ ਕਿਹਾ, ਜੋ ਉਸਨੂੰ ਮਨੁੱਖਾਂ ਦੇ ਸਾਹਮਣੇ ਸਵੀਕਾਰ ਕਰੇਗੇ , ਅਤੇ ਮਨੁੱਖਾਂ ਦੇ ਸਾਹਮਣੇ ਸਵੀਕਾਰ ਨਹੀਂ ਕਰਨਗੇ?
3. ਕਫਰਨਹੂਮ ਦੇ ਨਿਵਾਸੀ ਅਤੇ ਗਲੀਲ਼ ਦੇ ਉਨ੍ਹਾਂ ਨਗਰਾਂ ਵਿੱਚ ਉਸਨੇ ਬਹੁਤ ਸਾਰੇ ਚਮਤਕਾਰ ਕੀਤੇ, ਯਿਸੂ ਦੇ ਸੰਦੇਸ਼ ਦੀ ਕੀ ਪ੍ਰਤੀਕਿਰਿਆਂ ਹੋਈ?
4. ਬੋਝ ਵਿੱਚ ਦੱਬੇ ਹੋਏ ਅਤੇ ਸਾਰੇ ਥੱਕੇ ਲੋਕਾਂ ਨੂੰ ਯਿਸੂ ਨੇ ਆਪਣੇ ਕੋਲ ਬੁਲਾਇਆ । ਯਿਸੂ ਨੇ ਉਨ੍ਹਾਂ ਨਾਲ ਕੀ ਵਾਚਾ ਬੰਨ੍ਹੀ?
5. ਯਿਸੂ ਅਤੇ ਉਸਦੇ ਚੇਲੇ ਖੇਤ ਵਿੱਚ ਕਿਉਂ ਰੁਕੇ?
6. ਸਿੱਟੇ ਤੋੜ੍ਹਨ ਦੇ ਕਾਰਨ ਫਰੀਸੀਆਂ ਨੇ ਯਿਸੂ ਦੀ ਅਲੋਚਨਾ ਕਿਸ ਤਰਾਂ ਕੀਤੀ?
7. ਸੁੱਕੇ ਹੱਥ ਵਾਲੇ ਮਨੁੱਖ ਨੂੰ ਚੰਗਾ ਕਰਨ ਉਪਰੰਤ ਫਰੀਸੀਆਂ ਨੇ ਯਿਸੂ ਦੀ ਅਲੋਚਕਾ ਕਿਸ ਤਰ੍ਹਾਂ ਕੀਤੀ?
8. ਯਹੂਦੀ ਲੀਡਰਾਂ ਦਾ ਸੰਮਤੀ ਕਰਨ ਦਾ ਕੀ ਉਦੇਸ਼ ਸੀ?
9. ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਕੁਝ ਗੱਲਾਂ ਉਸ ਨਾਲ ਹੋਣ ਵਾਲੀਆਂ ਹਨ। ਉਹਨਾਂ ਦੀ ਕੀ ਭਵਿੱਖਬਾਣੀ ਸੀ?

## ਆਤਮਿਕ ਸੱਚਾਈਆਂ -ਪਾਠ 4
## ਮੱਤੀ 10-16

1. ਉਹ ਜਿਹੜੇ ਹਨ ਜੋ ਮਨੁੱਖਾਂ ਦੇ ਸਾਹਮਣੇ ਯਿਸੂ ਨੂੰ ਸਵੀਕਾਰ ਕਰਦੇ ਹਨ, ਉਨ੍ਹਾਂ ਨੂੰ ਪਿਤਾ ਦੇ ਸਾਹਮਣੇ ਸਵੀਕਾਰ ਕਰੇਗਾ। ਪਰੰਤੂ ਉਹ ਮਨੁੱਖ ਜਿਹੜੇ ਉਸਨੂੰ ਸਵੀਕਾਰ ਨਹੀਂ ਕਰਦੇ ਉਹ ਉਨ੍ਹਾਂ ਨੂੰ ਆਪਣੇ ਪਿਤਾ ਦੇ ਸਾਹਮਣੇ ਸਵੀਕਾਰ ਨਹੀਂ ਕਰੇਗਾ।
2. ਬਹੁਤ ਸਾਰੇ ਲੋਕ ਯਿਸੂ ਦੇ ਪਿੱਛੇ ਕੇਵਲ ਅਚਰਜਕੰਮ ਦੇਖਣ ਲਈ ਚੱਲਦੇ ਸਨ। ਪਰੰਤੂ ਉਹ ਉਸਦੇ ਨਾਲ ਕੋਈ ਸੰਬੰਧ ਨਹੀਂ ਰੱਖਣਾ ਚਾਹੁੰਦੇ ਸਨ ਨਾ ਹੀ ਉਹ ਦੀ ਆਗਿਆ ਮੰਨਦੇ ਸਨ। ਉਹ ਆਪਣੇ ਪਾਪਾਂ ਤੋਂ ਪਛਤਾਤਾਪ ਨਹੀਂ ਕਰਨਾ ਚਾਹੁੰਦੇ ਹਨ। ਉਹ ਕੇਵਲ ਪਰਮੇਸ਼ੁਰ ਦੀ ਦਯਾ ਦਾ ਲਾਭ ਉਠਾਉਣਾ ਚਾਹੁੰਦੇ ਸਨ। ਅੱਜ ਵੀ ਕਈ ਲੋਕ ਇਸ ਤਰ੍ਹਾਂ ਹੀ ਕਰਦੇ ਹਨ। ਕੀ ਤੁਸੀ ਇਸ ਤਰ੍ਹਾਂ ਦੇ ਕਿਸੇ ਵਿਅਕਤੀ ਨੂੰ ਜਾਣਦੇ ਹੋ?
3. ਯਿਸੂ ਮਸੀਹ ਦੇ ਇਲਾਵਾ ਪਿਤਾ ਨੂੰ ਕੋਈ ਨਹੀਂ ਜਾਣਦਾ, ਜੋ ਕੋਈ ਪਿਤਾ ਨੂੰ ਜਾਣਨਾ ਚਾਹੁੰਦਾ ਉਹ ਕੇਵਲ ਯਿਸੂ ਦੁਵਾਰਾ ਹੀ ਪਿਤਾ ਨੂੰ ਜਾਣ ਸਕਦਾ ਹੈ। ਪਰਮੇਸ਼ੁਰ ਅਤੇ ਸਾਡੇ ਵਿੱਚ ਯਿਸੂ ਮਸੀਹ ਦੇ ਬਿਨ੍ਹਾਂ ਕੋਈ ਵਿਚੋਲਾ ਨਹੀਂ ਹੈ।ਪਰਮੇਸ਼ੁਰ ਇੱਕ ਹੀ ਹੈ, ਅਤੇ ਉਸਦੇ ਕੋਲ ਜਾਣ ਦਾ ਇੱਕ ਹੀ ਮਾਰਗ ਹੈ, ਬਾਈਬਲ ਸਾਨੂੰ ਦੱਸਦੀ ਹੈ ਕਿ ਉਹ ਮਾਰਗ ਯਿਸੂ ਮਸੀਹ ਹੈ।
   .. ਹੋ ਸਕਦਾ ਹੈ ਯਿਸੂ ਮਸੀਹ ਦੇ ਇਲਾਵਾ ਕਿਸੇ ਹੋਰ ਤਰੀਕੇ ਦੁਵਾਰਾ ਪਰਮੇਸ਼ੁਰ ਤੋਂ ਪ੍ਰਰਾਥਨਾ ਕਰਨਾ ਸਿਖਾਇਆ ਗਿਆ ਹੋਵੇ। ਉਹ ਹੋਰ ਤਰੀਕਾ ਕਿਹੜਾ ਹੈ; ਕੀ ਉਹ ਦੇਵਤਾ ਭਵਿੱਖਵਕਤਾ, ਜਾਂ ਬੀਤੇ ਸਮੇਂ ਦੇ ਚੰਗੇ ਲੋਕ? ਬਾਈਬਲ ਸਾਨੂੰ ਸਿਖਾਉਂਦੀ ਹੈ ਉਹ ਚੰਗੇ ਲੋਕ ਹੋ ਸਕਦੇ ਹਨ ਪਰ ਪਰਮੇਸ਼ੁਰ ਨਹੀਂ ਹਨ।ਕੀ ਤੁਸੀਂ ਬਾਈਬਲ ਨਾਲ ਸਹਿਮਤ ਹੋ ਕੀ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕ ਹੀ ਵਿਚੋਲਾ ਹੈ ਉਹ ਹੈ ਯਿਸੂ ਮਸੀਹ।
4. ਯਿਸੂ ਮਸੀਹ ਸਾਡੇ ਬੋਝ ਅਤੇ ਚਿੰਤਾਵਾਂ ਨੂੰ ਉਠਾਉਣਾ ਚਾਹੁੰਦਾ ਹੈ। ਉਹ ਨਮਰ ਅਤੇ ਮਨ ਵਿੱਚ ਦੀਨ ਹੈ। ਉਹ ਸਾਡੇ ਬੋਝਾਂ ਤੋਂ ਛੁਟਕਾਰਾ ਦੇਣਾ ਚਾਹੁੰਦਾ ਹੈ। ਜੇ ਅਸੀਂ ਉਸ ਜੁਆਂ ਚੱਲ ਲਈਏ ਤਾਂ ਅਸੀਂ ਮੰਨ ਵਿੱਚ ਸ਼ਾਂਤੀ ਪਾਵਾਂਗੇ ਅਰਥਾਤ ਅਸੀਂ ਉਸਨੂੰ ਪ੍ਰਭੂ ਮੰਨ ਕੇ ਆਪਣੇ ਜੀਵਨ ਵਿੱਚ ਸਵੀਕਾਰ ਕਰੇ।
5. ਯਿਸੂ ਮਸੀਹ ਨੂੰ ਸਾਡੀਆਂ ਭੋਤਿਕ ਜ਼ਰੂਰਤਾਂ ਦੀ ਚਿੰਤਾਂ ਹੈ। ਚੇਲੇ ਭੁੱਖੇ ਸਨ, ਅਤੇ ਯਿਸੂ ਨੇ ਉਨ੍ਹਾਂ ਨੂੰ ਭੋਜਨ ਦਿੱਤਾ। ਉਹ ਜਾਣਦੇ ਸਨ ਕਿ ਯਹੂਦੀਆਂ ਦਾ ਪਰਕੋਪ ਅਤੇ ਗੁੱਸਾ ਉਹਨਾਂ ਉੱਤੇ ਭੜਕੇਗਾ। ਸ਼੍ਰਿਸਟੀ ਦੇ ਸਿਰਜਨਹਾਰ ਪਰਮੇਸ਼ੁਰ ਨੂੰ ਹਰੇਕ ਦੀ ਜ਼ਰੂਰਤਾਂ ਦੀ ਚਿੰਤਾਂ ਹੈ।

" ਮੈਂ ਦਯਾ ਚਾਹੁੰਦਾ ਹਾਂ ਬਲੀਦਾਨ ਨਹੀਂ" ਤੁਸੀਂ ਬਲੀਦਾਨ ਦਾ ਕੀ ਅਰਥ ਸਮਝਦੇ ਹੋ? ਕੀ ਤੁਹਾਡੇ ਧਾਰਮਿਕ ਆਗੂਆਂ ਨੇ ਭਲਾਈ ਪ੍ਰਾਪਤ ਕਰਨ ਲਈ ਜਾ ਪਾਪਾਂ ਦੀ ਮਾਫੀ ਲਈ ਤੁਹਾਨੂੰ ਸਿਖਾਇਆਂ ਕਿ ਪਰਮੇਸ਼ੁਰ ਨੂੰ ਬਲੀਦਾਨ ਚੜ੍ਹਾਓ? ਕੀ ਤੁਹਾਡੇ ਲਈ ਵਿਸ਼ਵਾਸ ਕਰਨਾ ਕਠਿਨ ਹੈ ਕਿ ਪਰਮੇਸ਼ੁਰ ਬਲੀਦਾਨ ਨਹੀਂ ਚਾਹੁੰਦਾ? ਇਹ ਦੂਜੀ ਵਾਰ ਸੀ ਜਦ ਯਿਸੂ ਮਸੀਹ ਨੇ ਫਰੀਸੀਆਂ ਨੂੰ ਸਮਝਾਇਆਂ ਕਿ ਪਰਮੇਸ਼ੁਰ ਬਲੀਦਾਨ ਨਾਲ ਖੁਸ਼ ਨਹੀਂ ਹੁੰਦਾ ਪਰੰਤੂ ਧਾਰਮਿਕ ਲੋਕਾਂ ਲਈ ਇਹ ਗੱਲ ਸਵੀਕਾਰ ਕਰਨਾ ਕਠਿਨ ਸੀ। ਸਾਰੇ ਧਰਮ ਸਿਖਾਉਂਦੇ ਹਨ ਕਿ ਪਰਮੇਸ਼ੁਰ ਦਾ ਪ੍ਰਕੋਪ ਹਟਾਉਣ ਲਈ ਅਤੇ ਉਸਨੂੰ ਖੁਸ ਕਰਨ ਲਈ ਜ਼ਰੂਰ ਕੁਝ ਕਰਨਾ ਚਾਹੀਦਾ। ਆਪਣੀ ਮੰਨਤ ਪੁਰੀ ਕਰਨ ਲਈ, ਪਾਪਾਂ ਦੀ ਮਾਫੀ ਲਈ ਪਰਮੇਸ਼ੁਰ ਨੂੰ ਭਗਤੀ ਦਿਖਾਉਣ ਦੇ ਲਈ ਕਈ ਲ਼ੋਕ ਕਈ ਪ੍ਰਕਾਰ ਕਠਿਨ ਕੰਮ ਕਰਦੇ ਹਨ। ਪਰੰਤੂ ਇਹ ਸਭ ਪਰਮੇਸ਼ੁਰ ਨਹੀਂ ਚਾਹੁੰਦਾ । ਯਿਸੂ ਉਹ ਸਭ ਜਾਣਦਾ ਸੀ ਉਸਨੂੰ ਕਈ ਦੁੱਖਾਂ ਨੂੰ ਸਹਿਣਾ ਹੈ ਅਤੇ ਉਸਨੂ ਮਰਨਾ ਹੈ, ਅਤੇ ਫਿਰ ਤਿੰਨ ਦਿਨ ਬਾਅਦ ਮਰੇ ਹੋਇਆਂ ਵਿੱਚੋਂ ਜੀ ਉੱਠੇਗਾ। ਇਹ ਪਰਮੇਸ਼ੁਰ ਦੀ ਯੋਜਨਾ ਸੀ। ਇਹ ਗੱਲ ਉਸਨੇ ਚੇਲਿਆਂ ਨੂੰ ਵੀ ਸਮਝਾਈ, ਪਰੰਤੂ ਉਹ ਨਹੀਂ ਸਮਝੇ ਕਿ ਉਹ ਕਿਉਂ ਮਰ ਕੇ ਫਿਰ ਜੀ ਉਠੇਗਾ।

.. ਇਸ ਅਧਿਐਨ ਦੇ ਪਿੱਛਲੇ ਤਿੰਨ ਅਧਿਆਏ ਵਿੱਚ, ਅਸੀਂ ਯਿਸੂ ਮਸੀਹ ਦੀ ਮੋਤ ਅਤੇ ਉਸਦੇ ਜੀਅ ਉੱਠਣ ਦੇ ਮਹੱਤਵ ਨੂੰ ਸਮਝਣ ਦੀ ਕੋਸ਼ਿਸ ਕਰਨ ਜਾ ਰਹੇ ਹਾਂ। ਇਹ ਅਤੁਲੀਏ ਘਟਨਾ ਸੰਸਾਰ ਦੇ ਇਤਿਹਾਸ ਨੂੰ ਹਮੇਸ਼ਾ ਦੇ ਲਈ ਬਦਲ ਦੇਵੇਗੀ। ਇਸ ਘਟਨਾ ਵਿੱਚ ਵਿੱਚ ਇੰਨ੍ਹੀ ਸਾਮਰਥ ਹੈ ਕਿ ਉਹ ਪਾਪ ਦੇ ਬੰਧਨ ਨੂੰ ਤੋੜ੍ਹਕੇ ਸਾਡੇ ਜੀਵਨ ਨੂੰ ਬਦਲ ਦੇਵੇ।

## " ਯਿਸੂ ਦੇ ਨਾਲ ਵਿਸ਼ਵਾਸਘਾਤ" - ਪਾਠ 5
## ਮੱਤੀ 20-2

ਜਦੋਂ ਯਿਸੂ ਯਰੂਸ਼ਲਮ ਜਾਂਦੇ ਸਮੇਂ ਬਾਰ੍ਹਾਂ ਚੇਲਿਆਂ ਨੂੰ ਇਕਾਂਤ ਵਿੱਚ ਲੈ ਕੇ ਉਨ੍ਹਾਂ ਨੂੰ ਕਹਿਣ ਲੱਗਾ " ਵੇਖੋਂ ਅਸੀਂ ਯਰੂਸ਼ਲਮ ਜਾ ਰਹੇ ਹਾਂ । ਮਨੁੱਖ ਦਾ ਪੁੱਤਰ ਜਾਜਕਾਂ ਅਤੇ ਸ਼ਾਸਤਰੀਆਂ ਦੇ ਹੱਥਾਂ ਵਿੱਚ ਫੜ੍ਹਵਾਇਆਂ ਜਾਵੇਗਾ, ਉਹ ਉਸਨੂੰ ਮੌਤ ਦੀ ਸਜ਼ਾ ਦੇਣਗੇ । ਉਹ ਉਸਨੂੰ ਗੈਰ ਯਹੂਦੀਆਂ ਦੇ ਹੱਥਾਂ ਵਿੱਚ ਦੇ ਦੇਣਗੇ, ਉਹ ਉਸ ਦਾ ਮਖੌਲ ਉਡਾਉਣਗੇ, ਉਸਨੂੰ ਕੋੜ੍ਹੇ ਮਾਰੇ, ਉਸਨੂੰ ਸਲੀਬ ਤੇ ਚੜ੍ਹਾਉਣਗੇ ਅਤੇ ਤੀਸਰੇ ਦਿਨ ਉਹ ਫਿਰ ਜੀਅ ਉਠੇਗਾ।" ਮੱਤੀ 20:17-19

ਪੁਨਵਿਚਾਰ

1. ਯਿਸੂ ਇੱਕ ਕੁਵਾਰੀ ਇਸਤਰੀ ਦੁਵਾਰਾ ਪੈਦਾ ਹੋਇਆ ਜਿਸਦਾ ਨਾਮ …………ਸੀ।
2. ਉਸਦੇ ਪਿਤਾ ……………ਨੂੰ ਪਰਮੇਸ਼ੁਰ ਨੇ ਸੁਫਨੇ ਵਿੱਚ ਦਰਸ਼ਨ ਦੇ ਕੇ ਕਿਹਾ, ਉਹ ਮਿਸਰ ਨੂੰ ਚਲਾ ਜਾਵੇ ਕਿਉਂਕਿ ਰਾਜਾ ਹੇਰੋਦੇਸ ਬਾਲਕ ਯਿਸੂ ਨੂੰ ……………ਚਾਹੁੰਦਾ ਸੀ।
3. ਯੂਹੰਨਾ ਬਪਤਿਸਮਾ ਦੇਣ ਵਾਲਾ ਜੰਗਲ ਵਿੱਚ ਰਹਿਕੇ ਪ੍ਰਚਾਰ ਕਰਦਾ ਰਿਹਾ, ਜਿਨ੍ਹਾਂ ਨੇ ਆਪਣੇ ਪਾਪਾਂ ਤੋਂ ………ਉਨ੍ਹਾਂ ਨੂੰ ਬਪਤਿਸਮਾਂ ਦਿੱਤਾ।
4. ਯਿਸੂ ਮਸੀਹ ਨੇ ਕੋਈ …………ਨਹੀਂ ਕੀਤਾ, ਫਿਰ ਉਸਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਕੋਲੋਂ ਬਪਤਿਸਮਾ ਲਿਆ।
5. " ਪਛਤਾਤਾਪ ਸ਼ਬਦ ਦਾ ਕੀ ਅਰਥ ਹੈ?……………………………………………………………
6. ਜਦੋਂ ਯਿਸੂ ਮਸੀਹ ਦਾ ਬਪਤਿਸਮਾ ਹੋਇਆ ਉਦੋ ……………………..ਕਬੂਤਰ ਦੀ ਤਰ੍ਹਾਂ ਉਤਰਿਆਂ, ਪਰਮੇਸ਼ੁਰ ਸੀ ਆਵਾਜ਼ ਇਹ ਕਹਿੰਦੇ ਹੋਏ ਸੁਣਾਈ ਦਿੱਤੀ " ਇਹ ਮੇਰਾ …………ਜਿਸਤੋਂ ਮੈਂ ਖੂਸ਼ ਹਾਂ।"
7. ਨਿਰਜਨ ਥਾਂ ਤੇ ਯਿਸੂ ………………………ਦੁਵਾਰਾ ਪਰਖਾ ਗਿਆ।
8. ਯਿਸੂ ਮਸੀਹ ਦਾ ਸਾਹਮਣਾ ਦੋ ਮਨੁੱਖਾਂ ਨਾਲ ਹੋਇਆ ਜੋ……………ਦੇ ਨਾਲ ਪੀੜ੍ਹਿਤ ਸਨ। ਯਿਸੂ ਮਸੀਹ ਨੇ ਘੋਸ਼ਣਾ ਕੀਤੀ ਕੇ ਉਸਨੂੰ ਦੁਸਟ ਆਤਮਾ ਉੱਤੇ……….. ਹੈ।
9. ਕੋਣ ਚੰਗਾ ਹੈ , ਉਹ ਮਨੁੱਖ ਜਿਸਨੇ ਵੱਧ ਪਾਪ ਕੀਤੇ ਅਤੇ ਉਸਨੇ ਪਛਤਾਤਾਪ ਕੀਤਾ ਜਾਂ ਉਹ ਮਨੁੱਖ ਜਿਸਨੇ ਘੱਟ ਪਾਪ ਕੀਤੇ ਅਤੇ ਕਦੀ ਤੌਬਾ ਨਹੀਂ ਕੀਤਾ?
10. ਯਿਸੂ ਨੇ ਕਿਹਾ, ਕਿ ਜੇ ਅਸੀਂ ਮਨੁੱਖਾਂ ਦੇ ਸਾਹਮਣੇ ਉਸਨੂੰ ਸਵੀਕਾਰ ਕਰੀਏ, ਤੇ ਉਹ …………ਦੇ ਸਨਮੁੱਖ ਜੋ ਸਵਰਗ ਵਿੱਚ ਹੈ, ਸਾਨੂੰ …………ਕਰੇਗਾ।
11. ਕਈ ਗਲੀਲੀ ਕਫਰਨਹੂਮ ਨਿਵਾਸੀਆਂ ਸਹਿਤ ਪਰਮੇਸ਼ੁਰ ਦੇ ਵਚਨ ਨੂੰ ……………ਉਹ ਯਿਸੂ ਮਸੀਹ ਦੇ ਪਿੱਛੇ ਕੇਵਲ ਇਸ ਲਈ ਚੱਲਦੇ ਸਨ ਉਹ ਬਹੁਤ ਅਚਰਜਕਰਮ ਕਰਦਾ ਸੀ।
12. ਉਹ ਆਪਣੇ ਪਾਪਾਂ ਤੋਂ ਤੌਬਾ ਨਹੀਂ ਕਰਨਾ ਚਾਹੁੰਦੇ ਹਨ। ਇਥੇ " ਪਛਤਾਤਾਪ" ਸ਼ਬਦ ਦਾ ਅਰਥ ਕੀ ਹੈ?
13. ਯਿਸੂ ਮਸੀਹ ਨੇ ਕਿਹਾ, ਐ ਸਭ ਥੱਕੇ ਅਤੇ ਬੋਝ ਹੇਠ ਦੱਬੇ ਲੋਕ ਹਨ ਉਨਾਂ ਨੂੰ ਉਹ …………ਦੇਵੇਗਾ, ਕਿਉਂਕਿ ਉਸਦਾ ਜੁਆਂ………………ਹੈ।
14. ਫਰੀਸੀ ਨਹੀਂ ਚਾਹੁੰਦੇ ਸਨ ਕੇ ਯਿਸੂ ਸੁੱਕੇ ਹੱਥ ਵਾਲੇ ਮਨੁੱਖ ਨੂੰ ਚੰਗਾ ਕਰੇ ਕਿਉਂਕਿ ਉਹ …………ਦਾ ਦਿਨ ਸੀ , ਅਤੇ ਉਹ ਵਿਵਸਥਾ ਦੇ ਨਿਯਮ ਦੇ ਵਿਰੁਧ ਸੀ ਕਿ ਕੋਈ……………ਦੇ ਦਿਨ ਕੰਮ ਕਰੇ।
15. ਫਰੀਸੀ ਯਿਸੂ ਨੂੰ ……………..ਦੇ ਲਈ ਯੋਜਨਾ ਬਣਾਉਣ ਲੱਗੇ।
16. ਯਿਸੂ ਜਾਣਦਾ ਸੀ ਫਰੀਸੀ ਉਸ ਨੂੰ ਮਾਰਨ ਦੀ ਯੋਜਨਾ ਬਣਾ ਰਹੇ ਸਨ। ਫਿਰ ਵੀ ਉਹ ਦੋ ……..ਅਤੇ ਕੁਝ ਹੋਰ ……………ਚਾਰ ਹਜ਼ਾਰ ਤੋਂ ਅਧਿਕ ਮਨੁੱਖਾਂ ਨੂੰ ਭੋਜਨ ਕਰਾਉਣ ਤੋ ਬਾਦ ਹੋਰ ਕਈ ਚਮਤਕਾਰ ਕਰਦਾ ਰਿਹਾ।

ਯਿਸੂ ਆਪਣੇ ਚੇਲਿਆਂ ਦੇ ਨਾਲ ਗਲੀਲ਼ ਤੋਂ ਯਰੂਸ਼ਲਮ ਨੂੰ ਗਿਆ।ਜਦੋਂ ਉਹ ਯਰੂਸ਼ਲਮ ਪਹੁੰਚਣ ਵਾਲਾ ਸੀ, ਯਿਸੂ ਨੇ ਦੋ ਚੇਲਿਆਂ ਨੂੰ ਲਾਗੇ ਇੱਕ ਪਿੰਡ ਵਿੱਚ ਭੇਜਿਆਂ ਅਤੇ ਕਿਹਾ, ਉੱਥੇ ਤੁਹਾਨੂੰ ਇੱਕ ਗਧੀ ਦਾ ਬੱਚਾ ਬੰਨ੍ਹਿਆਂ ਹੋਇਆ ਮਿਲੇਗਾ, ਜਿਸਦੀ ਉਸਨੂੰ ਜ਼ਰੂਰਤ ਹੈ। ਯਿਸੂ ਉਸ ਗਧੀ ਦੇ ਬੱਚੇ ਤੇ ਬੈਠ ਗਿਆਂ ਅਤੇ ਯਰੂਸ਼ਲਮ ਅੰਦਰ ਗਿਆ।

ਉਹ ਬੜ੍ਹੀ ਸ਼ਾਨ ਅਤੇ ਜਿੱਤ ਦੇ ਜਸ਼ਨ ਦੇ ਨਾਲ ਯਰੂਸ਼ਲਮ ਦੇ ਅੰਦਰ ਗਿਆ। ਮਾਰਗ ਦੇ ਦੋਨੇ ਪਾਸਿਆਂ ਤੇ ਭੀੜ੍ਹ ਇਕੱਠੀ ਹੋ ਗਈ। ਭੀੜ੍ਹ ਵਿੱਚੋਂ ਬਹੁਤ ਸਾਰਿਆਂ ਲੋਕਾਂ ਨੇ ਆਪਣੇ ਕੱਪੜੇ ਰਾਹ ਵਿੱਚ ਵਿਛਾਏ ਅਤੇ ਉਸ ਦੇ ਆਦਰ ਲਈ ਖਜ਼ੂਰ ਦੀ ਟਹਿਣੀਆਂ ਕੱਟ ਕੇ ਮਾਰਗ ਵਿੱਚ ਵਿਛਾਈਆਂ। ਉਹ ਜੋ ਉਸ ਦੇ ਪਿੱਛੇ ਪਿਛੇ ਚੱਲ ਰਹੇ ਸਨ, ਪੁਕਾਰ

ਪੁਕਾਰ ਕੇ ਕਹਿ ਰਹੇ ਸਨ " ਦਾਊਦ ਦੀ ਸੰਤਾਨ ਨੂੰ ਹੋਸ਼ੰਨਾ, ਧੰਨ ਉਹ ਹੈ ਜੋ ਪ੍ਰਭੂ ਦੇ ਨਾਮ ਨਾਲ ਆਉਂਦਾ ਹੈ ਸਵਰਉੱਚ ਸਥਾਨ ਤੇ ਹੋਸੰਨਾ।"
ਜਦ ਉਹ ਨਗਰ ਦੇ ਅੰਦਰ ਗਿਆ ਤਾਂ ਸਾਰੇ ਨਗਰ ਵਿੱਚ ਹਲਚਲ ਮਚ ਗਈ ਅਤੇ ਸਾਰੇ ਇਹ ਕਹਿਣ ਲੱਗੇ "ਇਹ ਕੋਣ ਹੈ?" ਅਤੇ ਭੀੜ੍ਹ ਦੇ ਲੋਕ ਕਹਿ ਰਹੇ ਸਨ "ਇਹ ਨਾਸਰਤ ਦਾ ਨਬੀ ਯਿਸੂ ਹੈ।"
ਯਿਸੂ ਦੇ ਮੰਦਰ ਵਿੱਚ ਪ੍ਰਵੇਸ਼ ਕਰਕੇ ਉਨ੍ਹਾਂ ਸਭਨਾਂ ਨੂੰ ਜੋ ਮੰਦਰ ਵਿੱਚ ਲੈਣ ਦੇਣ ਕਰ ਰਹੇ ਸਨ, ਕੱਢ ਦਿੱਤਾ ਸਰਾਫਾਂ ਦੀਆਂ ਮੇਜਾਂ ਅਤੇ ਦੁਕਾਨਾਂ ਦੀਆਂ ਚੋਕੀਆਂ ਪਲਟ ਦਿੱਤੀਆਂ। ਉਸਨੇ ਉਨ੍ਹਾਂ ਨੂੰ ਕਿਹਾ, ਲਿਖਿਆ ਹੋਇਆਂ ਹੈ, ਮੇਰੇ ਘਰ ਪ੍ਰਰਾਥਨਾ ਦਾ ਘਰ ਅਖਵਾਏਗਾ, "ਪਰ ਤੁਸੀਂ ਇਸ ਨੂੰ ਡਾਕੂਆਂ ਦੀ ਖੋਹ ਬਣਾ ਰੱਖਿਆ ਹੈ। ਤਦ ਅੰਨ੍ਹੇ ਅਤੇ ਲੰਗੜ੍ਹੇ ਉਸ ਦੇ ਕੋਲ ਆਏ ਅਤੇ ਉਸਨੇ ਉਨ੍ਹਾਂ ਨੂੰ ਠੀਕ ਕੀਤਾ।
ਕਈਆਂ ਗੱਲਾਂ ਦੀ ਸਿੱਖਿਆਂ ਦੇ ਬਾਦ ਯਿਸੂ ਨੇ ਮੰਦਰ ਵਿੱਚ ਕਈ ਚਿੰਨ੍ਹ ਅਤੇ ਚਤਮਕਾਰ ਕੀਤੇ।ਤਦ ਮੁੱਖ ਜਾਜਕ, ਸ਼ਾਸਤਰੀ ਉਸਨੂੰ ਮਾਰਨ ਦੇ ਲਈ ਯੋਜਨਾ ਬਣਾਉਣ ਲੱਗੇ।ਉਹ ਵਿਚਾਰ ਕਰਨ ਲੱਗੇ ਕੀ ਕਿਸ ਤਰਾਂ ਉਸਨੂੰ ਧੋਖੇ ਨਾਲ ਮਾਰ ਦਿੱਤਾ ਜਾਵੇ।ਉਹ ਪਸਹ ਦੇ ਤਿਉਹਾਰ ਦੇ ਸਮੇਂ ਕਿਸ ਤਰਾਂ ਉਸਨੂੰ ਫੜ੍ਹਿਆਂ ਜਾਵੇ ਅਤੇ ਮਾਰ ਦਿੱਤਾ ਜਾਵੇ।ਫਿਰ ਉਨ੍ਹਾਂ ਨੇ ਪਸਹ ਦਾ ਤਿਉਹਾਰ ਨਿਕਲ ਜਾਣ ਦਾ ਇੰਤਜ਼ਾਰ ਕੀਤਾ।
ਤਦ ਬਾਰ੍ਹਾਂ ਚੇਲਿਆਂ ਵਿੱਚੋਂ ਜਿਸਦਾ ਨਾਮ ਯਹੂਦਾ ਇਸਕਰਇਉਤੀ ਸੀ, ਉਹ ਮੁੱਖ ਜਾਜਕਾਂ ਕੋਲ ਗਿਆ ਅਤੇ ਉਸਨੇ ਉਨ੍ਹਾਂ ਨੂੰ ਕਿਹਾ, "ਜੇ ਮੈਂ ਯਿਸੂ ਨੂੰ ਤੁਹਾਡੇ ਹੱਥਾਂ ਵਿੱਚ ਫੜ੍ਹਵਾਂ ਦੇਵਾਂ ਤਾਂ ਤੁਸੀਂ ਮੈਨੂੰ ਕੀ ਦੇਵੋਂਗੇ" ਉਨ੍ਹਾਂ ਨੇ ਉਸ ਨੂੰ ਚਾਂਦੀ ਦੇ ਤੀਹ ਸਿੱਕੇ ਤੋਲ ਕੇ ਦਿੱਤੇ। ਉਸ ਸਮੇਂ ਤੋਂ ਉਹ ਉਸਨੂੰ ਫਵ੍ਹਾਉਣ ਦਾ ਯਤਨ ਕਰਨ ਲੱਗਾ।
ਜਦੋਂ ਪਸਹ ਦਾ ਤਿਉਹਾਰ ਆਇਆ , ਚੇਲਿਆਂ ਨੇ ਯਿਸੂ ਦੇ ਕਹਿਣ ਅਨੁਸਾਰ ਭੋਜਨ ਖਾਣ ਦੀ ਤਿਆਰੀ ਕੀਤੀ। ਫਿਰ ਸਾਮਾਂ ਦੇ ਸਮੇਂ ਜਦੋਂ ਯਿਸੂ ਉਨ੍ਹਾਂ ਨਾਲ ਭੋਜਨ ਕਰਨ ਲਈ ਬੈਠਾਂ ਅਤੇ ਉਸਨੇ ਕਿਹਾ," ਮੈਂ ਤੁਹਾਨੂੰ ਸੱਚ ਸੱਚ ਆਖਦਾ ਤੁਹਾਡੇ ਵਿੱਚੋਂ ਮੈਨੂੰ ਇੱਕ ਜਨ ਮੈਨੂੰ ਫੜ੍ਹਵਾਏਗਾ" ਇਸ ਗੱਲ ਤੇ ਉਹ ਆਪਣ ਵਿੱਚ ਬੜ੍ਹੇ ਉਤਸਕ ਹੋ ਕੇ ਉਸਨੂੰ ਪੁੱਛਣ ਲੱਗੇ ਕੀ ਕੋਣ ਉਨੂੰ ਫੜਵ੍ਹਾਏਗਾ।ਮਨੁੱਖ ਦੇ ਪੁੱਤਰ ਨੂੰ , ਜਿਸ ਦੇ ਬਾਰੇ ਵਿੱਚ ਲਿਖਿਆ ਹੋਇਆਂ ਹੈ। ਜਾਣਾ ਹੀ ਹੈ ਪਰੰਤੂੰ ਹਾਏ ਹੈ ਉਸ ਮਨੁੱਖ ਤੇ ਜਿਸਦੇ ਕਾਰਨ ਉਹ ਫੜ੍ਹਵਾਇਆਂ ਜਾਵੇਗਾ।ਉਸ ਮਨੁੱਖ ਦੇ ਲਈ ਚੰਗਾ ਹੁੰਦਾ ਕਿ ਉਹ ਜਨਮ ਹੀ ਨਾ ਲੈਂਦਾ" ਤਦ ਉਸਦੇ ਫੜ੍ਹਵਾਉਣ ਵਾਲੇ ਨੇ ਯਿਸੂ ਨੂੰ ਕਿਹਾ, ਰੱਬੀ ਕੀ ਉਹ ਮੈਂ ਹਾਂ?" ਤੂੰ ਆਪ ਹੀ ਕਹਿ ਦਿੱਤਾ, ਯਿਸੂ ਨੇ ਉੱਤਰ ਦਿੱਤਾ।
ਜਦੋਂ ਉਹ ਭੋਜਨ ਕਰ ਰਹੇ ਸਨ, ਤਦ ਯਿਸੂ ਨੇ ਰੋਟੀ ਲਈ ਅਤੇ ਸ਼ੁਕਰ ਕਰਕੇ ਤੋੜ੍ਹੀ ਅਤੇ ਚੇਲਿਆਂ ਨੂੰ ਦਿੰਦਿਆਂ ਕਿਹਾ, "ਇਹ ਮੇਰਾ ਸਰੀਰ ਹੈ" ਫਿਰ ਉਸਨੇ ਪਿਆਲਾ ਲਿਆ ਅਤੇ ਧੰਨਾਵਦ ਕੀਤਾ ਉਨ੍ਹਾਂ ਨੂੰ ਦਿੰਦਿਆਂ ਹੋਇਆ ਕਿਹਾ, ਇਸਦੇ ਵਿੱਚੋਂ ਪੀਓ ਕਿਉਂਕਿ ਇਹ ਵਾਚਾ ਦਾ ਮੇਰਾ ਲਹੂ ਹੈ ਜੋ ਬਹੁਤ ਸਾਰੇ ਲੋਕਾਂ ਦੇ ਪਾਪਾਂ ਦੀ ਮਾਫੀ ਲਈ ਬਹਾਇਆਂ ਜਾਣ ਨੂੰ ਹੈ।"

ਭੋਜਨ ਕਰਨ ਤੋਂ ਬਾਦ ਉਨ੍ਹਾਂ ਨੇ ਭਜਨ ਗਾਇਆ। ਉਸਤੋਂ ਬਾਅਦ ਉਹ ਜ਼ੈਤੂਨ ਪਰਬਤ ਤੇ ਗਏ ਉੱਥੇ ਯਿਸੂ ਉਨ੍ਹਾਂ ਨੂੰ ਇਹ ਗੱਲਾਂ ਦੱਸਣ ਲੱਗਾ ਥੋੜ੍ਹੇ ਸਮੇਂ ਬਾਦ ਹੋਣ ਵਾਲੀਆਂ ਸਨ। ਫਿਰ ਯਿਸੂ ਗਤਸਮਨੀ ਨਾਂ ਦੀ ਥਾਂ ਵਿੱਚ ਗਿਆ, ਉੱਥੇ ਉਹ ਪੂਰੀ ਰਾਤ ਪ੍ਰਰਾਥਨ ਕਰਦਾ ਰਿਹਾ। ਉਹ ਆਪਣੇ ਨਾਲ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਲੈ ਕੇ ਗਿਆ ਅਤੇ ਆਪਣੇ ਮਨ ਵਿੱਚ ਵਿਆਕੂਲ ਹੋਣ ਲੱਗਾ, ਉਸਨੇ ਉਨ੍ਹਾਂ ਨੂੰ ਆਪਣੇ ਨਾਲ ਜਾਗਨ ਲਈ ਕਿਹਾ, ਅਤੇ ਉਹ ਥੋੜ੍ਹੀ ਦੂਰ ਜਾ ਕੇ ਇਕਾਂਤ ਵਿੱਚ ਆਪਣੇ ਪਿਤਾ ਤੋਂ ਪ੍ਰਰਾਥਨਾ ਕਰਨ ਲੱਗਾ। ਉਸਨੇ ਹੋਣ ਵਾਲੀਆਂ ਗੱਲਾਂ ਲਈ ਪ੍ਰਰਾਥਨਾ ਕੀਤੀ। ਉਸਨੇ ਇਸ ਪ੍ਰਕਾਰ ਪ੍ਰਰਾਥਾਨਾ ਕੀਤੀ।
"ਹੇ ਪਿਤਾ, ਜੇ ਸੰਭਵ ਹੋਵੇ ਤਾਂ ਇਹ ਪਿਆਲਾ ਮੇਰੇ ਤੋਂ ਟਲ ਜਾਵੇ।ਫਿਰ ਵੀ ਮੇਰੀ ਨਹੀਂ ਪਰ ਤੇਰੀ ਇੱਛਾ ਪੂਰੀ ਹੋਵੇ।"
ਇਸ ਤਰ੍ਹਾਂ ਲਿਖਿਆਂ ਹੋਇਆ ਹੈ ਇਹ ਪ੍ਰਰਾਥਨਾ ਉਸਨੇ ਤਿੰਨ ਵਾਰ ਕੀਤੀ। ਉਸਦਾ ਮਨ ਬਹੁਤ ਉਦਾਸ ਸੀ, ਇਥੋਂ ਤਕ ਕੀ ਉਹ ਮਰਨ ਵਿੱਚ ਵਾਲਾ ਸੀ।ਇਥੋਂ ਤਕ ਕੀ ਚੇਲੇ ਉਸ ਨਾਲ ਇੱਕ ਘੜੀ ਵੀ ਨਾ ਜਾਗ ਸਕੇ।ਉਹ ਸਭ ਸੁੱਤੇ ਪਏ ਸਨ। ਅੰਤ ਵਿੱਚ ਯਿਸੂ ਨੇ ਉਨ੍ਹਾਂ ਨੂੰ ਜਾਗਣ ਲਈ ਕਿਹਾ, " ਉੱਠੋ, ਚੱਲੀਏ। ਮੇਰਾ ਫੜ੍ਹਵਾਉਣ ਵਾਲਾ ਨੇੜ੍ਹੇ ਆਉਣ ਪਹੁੰਚਿਆ ਹੈ।

### ਮੋਖਿਕ ਪ੍ਰਸ਼ਨ

1. ਯਿਸੂ ਨੇ ਕਿਸ ਤਰਾਂ ਦੇ ਜਾਨਵਰ ਤੇ ਬੈਠ ਕੇ ਯਰੂਸ਼ਲਮ ਵਿੱਚ ਪ੍ਰਵੇਸ਼ ਕੀਤਾ?
2. ਜਦੋਂ ਯਿਸੂ ਨਗਰ ਦੇ ਅੰਦਰ ਜਾ ਰਿਹਾ ਸੀ ਤਾਂ ਲੋਕਾਂ ਨੇ ਕੀ ਕੀਤਾ?
3. ਯਹੂਦਾ ਨੇ ਯਿਸੂ ਨੂੰ ਫੜ੍ਹਵਾਉਣ ਲਈ ਕੀ ਕੀਤਾ?
4. ਨਗਰ ਵਿੱਚ ਕਿਹੜਾ ਪਰਬ ਮਨਾਇਆਂ ਜਾ ਰਿਹਾ ਸੀ?
5. ਯਿਸੂ ਨੇ ਯਹੂਦਾ ਨੂੰ ਕਿਸ ਤਰਾਂ ਦੱਸਿਆਂ ਕਿ ਉਹ ਉਸਨੂੰ ਫੜ੍ਹਵਾਏਗਾ?
6. ਭੋਜਨ ਦੇ ਸਮੇਂ ਯਿਸੂ ਨੇ ਦਾਖਰਸ ਦੇ ਵਿਸ਼ੇ ਵਿੱਚ ਕੀ ਕਿਹਾ,?
7. ਯਿਸੂ ਦੇ ਅਨੁਸਾਰ ਲਹੂ ਦਾ ਬਹਾਇਆ ਜਾਣਾ ਕਿੰਨ੍ਹਾਂ ਲਈ ਜ਼ਰੂਰੀ ਹੈ?
8. ਯਿਸੂ ਆਪਣੇ ਚੇਲਿਆਂ ਦੇ ਨਾਲ ਰਾਤ ਦੀ ਪ੍ਰਰਾਥਨਾ ਦੇ ਲਈ ਗਸਤਮਨੀ ਵਿੱਚ ਗਿਆ।ਕਿੰਨ੍ਹੇ ਚੇਲੇ ਸਾਰੀ ਰਾਤ ਜਾਗਦੇ ਅਤੇ ਅਤੇ ਉਸਦੇ ਨਾਲ ਪ੍ਰਰਾਥਨਾ ਕਰਦੇ ਰਹੇ।?
9. ਜਿਸ ਰਾਤ ਯਿਸੂ ਫੜ੍ਹਵਾਇਆਂ ਜਾਣ ਨੂੰ ਸੀ, ਉਸਨੇ ਕੀ ਪ੍ਰਰਾਥਨਾ ਕੀਤੀ?

# ਆਤਮਿਕ ਸੱਚਾਈਆਂ -ਪਾਠ 5
# ਮੱਤੀ 20-26

1. ਪਰਮੇਸ਼ੁਰ ਹਰੇਕ ਵਸਤੂ ਤੇ ਆਪਣਾ ਕੰਟਰੋਲ ਰੱਖਦਾ ਹੈ: ਫਰੀਸੀ ਯਿਸੂ ਨੂੰ ਕਿਸੇ ਚਾਲ ਵਿੱਚ ਫਸਾ ਕੇ ਫੜ੍ਹਵਾਉਣਾ ਚਾਹੁੰਦੇ ਸੀ ਲੇਕਿਨ ਪਰਮੇਸ਼ੁਰ ਆਪਣੀ ਸਿੱਧ ਇੱਛਾ ਨੂੰ ਪੂਰਾ ਕਰਨ ਲਈ ਉਸ ਦਾ ਇਸਤੇਮਾਲ ਕਰ ਰਿਹਾ ਸੀ। ਪਰਮੇਸ਼ੁਰ ਦੀ ਹਮੇਸ਼ਾ ਇਹ ਇੱਛਾ ਸੀ ਕਿ ਯਿਸੂ ਲੋਕਾਂ ਦੇ ਪਾਪਾਂ ਲਈ ਸਲੀਬ ਤੇ ਮਰੇ।
2. ਪਰਮੇਸ਼ੁਰ ਹਮੇਸਾਂ ਸਾਡੇ ਦਿਲ ਦੀ ਗੱਲ ਜਾਣ ਲੈਂਦਾ ਹੈ ਜੋ ਸ਼ਇਦ ਹੋਰ ਨਹੀਂ ਜਾਣਦੇ: ਪ੍ਰਭੂ ਯਿਸੂ ਨੂੰ ਪਹਿਲੇ ਹੀ ਪਤਾ ਸੀ ਉਸਦਾ ਚੇਲਾ ਯਹੂਦਾ ਉਸਨੂੰ ਫੜ੍ਹਵਾਏਗਾ।
3. ਯਿਸੂ ਸਾਡੇ ਨਾਲ ਪਿਆਰ ਕਰਦਾ ਅਤੇ ਸਿਖਾਉਂਦਾ ਹੈ, ਜਦੋਂ ਅਸੀਂ ਉਸਨੂੰ ਨਕਾਰ ਦਿੰਦੇ ਹਾਂ ਤਦ ਵੀ ਉਹ ਸਾਡੇ ਨਾਲ ਪਿਆਰ ਕਰਦਾ ਹੈ ; ਯਿਸੂ ਨੇ ਯਹੂਦਾ ਨਾਲ ਬਹੁਤ ਚੰਗਾ ਵਿਵਹਾਰ ਕੀਤਾ ਅਤੇ  ਕੋਈ ਹੋਰ ਚੇਲਾ ਵਿਸ਼ਵਾਸ ਹੀ ਨਹੀਂ ਕਰ ਸਕਦਾ ਕਿ ਯਹੂਦਾ ਹੀ ਉਨ੍ਹਾਂ ਨੂੰ ਫੜ੍ਹਵਾਏਗਾ। ਉਸ ਤਰ੍ਹਾਂ ਯਿਸੂ ਵੀ ਸਾਡੇ ਨਾਲ ਪਿਆਰ ਕਰਦਾ ਹੈ, ਜਦ ਕਿ ਅਸੀਂ ਉਸਨੂੰ ਧੋਖਾ ਦਿੰਦੇ ਅਤੇ ਨਕਾਰ ਦਿੰਦ ਹਾਂ।
4. ਪ੍ਰਭੂ ਯਿਸੂ ਮਸੀਹ ਦਾ ਲਹੂ ਸਾਡੇ ਪਾਪਾਂ ਦੀ ਮਾਫੀ ਲਈ ਬਹਾਇਆਂ ਗਿਆ, ਯਿਸੂ ਇਸ ਗੱਲ ਨੂੰ ਨਹੀਂ ਸਮਝ ਪਾਏ ਕਿ ਪ੍ਰਭੂ ਯਿਸੂ ਨੂੰ ਆਪਣੀ ਜਾਨ ਦੇਣੀ ਕਿਉਂ ਜ਼ਰੂਰੀ ਹੈ।ਉਹ ਇਹ ਸਮਝ ਨਾ ਪਾਏ ਪਰਮੇਸ਼ੁਰ ਨੂੰ ਪਾਪਾਂ ਦੀ ਮਾਫੀ ਲਈ ਕੀਮਤ ਚਕਾਉਂਣੀ ਪਵੇਗੀ: ਉਹ ਕੀਮਤ, ਅਤੇ ਲਹੂ ਦਾ ਬਹਾਇਆ ਜਾਣਾ ਹੋਵੇਗਾ। ਉਹ ਸਮਝਦੇ ਸਨ ਕਿ ਯਿਸੂ ਉਨ੍ਹਾਂ ਨਾਲ ਪ੍ਰੇਮ ਕਰਦਾ ਹੈ ਅਤੇ ਉਨ੍ਹਾਂ ਦੇ ਪਾਪ ਮਾਫ ਹੋ ਗਏ ਹਨ। ਲੇਕਿਨ ਉਨ੍ਹਾਂ ਨੂੰ ਇਹ ਸਮਝਣਾ ਹੋਰ ਵੀ ਜ਼ਰੂਰੀ ਸੀ ਕਿਵੇਂ ਯਿਸੂ ਨੂੰ ਉਨ੍ਹਾਂ ਦੇ ਪਾਪ ਮਾਫ ਕਰਨ ਲਈ ਆਪਣੀ ਜਾਨ ਦੀ ਕੀਮਤ ਦੇਣੀ ਪਵੇਗੀ।

ਬਹੁਤ ਸਾਰੇ ਲੋਕ ਜਾਣਦੇ ਹਨ ਕਿ ਪਾਪ ਉਨ੍ਹਾਂ ਦੇ ਜੀਵਨ ਵਿੱਚ ਹੈ।ਉਹ ਇਹ ਵੀ ਜਾਣਦੇ ਹਨ ਯਿਸੂ ਉਨ੍ਹਾਂ ਨੂੰ ਪਿਆਰ ਕਰਦਾ ਹੈ ਪਰ ਬਹੁਤ ਘੱਟ ਲੋਕ ਇਹ ਸਮਝਦੇ ਹਨ ਕਿ ਪਾਪਾਂ ਦੀ ਮਾਫੀ ਲਈ ਪਰਮੇਸ਼ੁਰ ਕੀਮਤ ਚਾਹੁੰਦਾ ਹੈ। ਕੇਵਲ ਯਿਸੂ ਮਸੀਹ ਹੀ ਇਸ ਤਰ੍ਹਾਂ ਦਾ ਵਿਅਕਤੀ ਸੀ ਜੋ ਪਰਮੇਸ਼ੁਰ ਹੋਣ ਦੇ ਕਾਰਨ ਇਸ ਧਰਤੀ ਉੱਤੇ ਪਾਪ ਰਹਿਤ ਸੀ।ਉਸਦਾ ਪਿਆਰ ਸਾਡੇ ਲਈ ਕਿੰਨ੍ਹਾਂ ਅਨੋਖਾ ਹੈ ਉਸਨੇ ਸਾਡੇ ਪਾਪਾਂ ਦੀ ਮਾਫੀ ਲਈ ਆਪਣਾ ਬਲੀਦਾਨ ਦੇ ਕੇ ਸਾਨੂੰ ਬਚਾਇਆਂ। ਇਹ ਉਸਦੇ ਬਲੀਦਾਨ ਦੇ ਕਾਰਨ ਹੀ ਹੈ ਕਿ ਸਾਨੂੰ ਆਪਣੇ ਪਾਪਾਂ ਦੀ ਮਾਫੀ ਅਤੇ ਪਰਮੇਸ਼ੁਰ ਦੀ ਸ਼ਾਂਤੀ ਪ੍ਰਾਪਤ ਹੈ।
ਅੱਗਲੇ ਹਫਤੇ ਅਸੀਂ ਯਿਸੂ ਮਸੀਹ ਦੇ ਸਲੀਬ ਤੇ ਚੜ੍ਹਾਏ ਜਾਣ ਦੀ ਸਿੱਖਿਆ ਲਵਾਂਗੇ।

## "ਯਿਸੂ ਦਾ ਸਲੀਬ ਉੱਤੇ ਚੜਾ੍ਇਆਂ ਜਾਣਾ" -ਪਾਠ 6
## ਮੱਤੀ 26-27

ਯਿਸੂ ਨੇ ਉਨ੍ਹਾਂ ਨੂੰ ਕਿਹਾ, " ਤੂੰ ਆਪ ਹੀ ਕਿਹਾ ਹੈ। ਫਿਰ ਵੀ ਮੈਂ ਤੁਹਾਨੂੰ ਕਹਿੰਦਾ ਹਾਂ ਹੁਣ ਤੋਂ ਤੁਸੀਂ ਮਨੁੱਖ ਦੇ ਪੁੱਤਰ ਨੂੰ ਸ਼ਰਵਸ਼ਕਤੀਮਾਨ ਦੇ ਸੱਜੇ ਹੱਥ ਬੈਠਾ ਅਤੇ ਸਵਰਗ ਵਿੱਚ ਬੱਦਲਾਂ ਉੱਤੇ ਆਉਂਦਾ ਵੇਖੋਗੇ।"

ਪੂਰਨ ਵਿਚਾਰ

1. ਯਿਸੂ ਕੁਆਰੀ ਤੋਂ ਪੈਦਾ ਹੋਇਆ ਜਿਸਦਾ ਨਾਂ....................ਸੀ।

2. ਜਿਸ ਤਰ੍ਹਾਂ ਪਵਿੱਤਰ ਸ਼ਾਸਤਰ ਵਿੱਚ ਪਹਿਲੇ ਹੀ ਕਿਹਾ ਗਿਆ ਸੀ, ਯਿਸੂ ਦਾ ਜਨਮ ......ਨਗਰ ਵਿੱਚ ਹੋਇਆ।

3. ਪਵਿੱਤਰ ਸ਼ਾਸਤਰ ਦੇ ਅਨੁਸਾਰ ਯਿਸੂ ...........ਦੇ ਦੇਸ ਵਿੱਚੋਂ ਨਿੱਕਲ ਕੇ ਮਿਸਰ ਜਾਣਾ ਪਿਆ ਕਿਉਂਕਿ ਉਹ ਰਾਜਾ ਹੇਰੋਦੇਸ ਤੋਂ ਭੱਜ ਰਿਹਾ ਸੀ।

4. ਯਿਸੂ ਦੇ ਪਿਤਾ...........ਨੇ ਸਵਰਗਦੂਤਾਂ ਦੁਵਾਰਾ ਸਲਾਹ ਪਾਈ ਕਿ ਵਾਪਿਸ ਇਸਰਾਏਲ ਨੂੰ ਆਵੇ ਕਿਉਂ ਹੇਰੇਦੇਸ ਮਰ ਚੁੱਕਾ ਹੈ। ਕਿਉਂਕਿ ਯੂਸੁਫ ਹੇਰੇਦੇਸ ਦੇ ਬੇਟੇ ਤੋਂ ਡਰਦਾ ਸੀ, ਇਸ ਲਈ ਉਹ ......ਦੇ ਪ੍ਰਤਿ ਨਾਸਰਤ ਨਗਰ ਨੂੰ ਚਲਾ ਗਿਆ।

5. .................ਦੇ ਦੁਆਰਾ ਬਪਤਿਸਮਾ ਲੈਣ ਦੇ ਬਾਦ ਯਿਸੂ ਨੇ ਆਪਣੀ ਸੇਵਾ ਦਾ ਆਰੰਭ ਕੀਤਾ।

6. ਜਦੋਂ ਯਿਸੂ ਪਾਣੀ ਤੋਂ ਬਾਹਰ ਨਿੱਕਲਿਆਂ ..............ਕਬੂਤਰ ਦੇ ਵਾਂਗ ਉਸ ਉੱਤੇ ਠਹਿਰਇਆਂ ਤੇ ਅਕਾਸ਼ ਤੋਂ..............ਇਹ ਆਵਾਜ਼ ਆਈ " ਇਹ ਮੇਰਾ ਪੁੱਤਰ ਹੈ ਜਿਸ ਤੋਂ ਮੈਂ ਖੁਸ਼ ਹਾਂ।"

7. ਯਿਸੂ ਨੇ ਬਹੁਤ ਸਾਰੇ ਲੋਕਾਂ ਨੂੰ ਚੰਗਾ ਕੀਤਾ ਅਤੇ ਉਨ੍ਹਾਂ ਦੇ .................ਤੋਂ ਉਨ੍ਹਾਂ ਨੂੰ ਮਾਫ ਕੀਤਾ।

8. ਬਹੁਤ ਸਾਰੇ ਚਮਤਕਾਰ ਦੇਖਣ ਤੋਂ ਬਾਦ ਵੀ ਗਲੀਲ ਖੇਤਰ ਦੇ ਲੋਕਾਂ ਨੇ ਯਿਸੂ ਸੇ ਸੰਦੇਸ਼ ਨੂੰ ...........ਫਿਰ ਵੀ ਉਨ੍ਹਾਂ ਨੇ ਆਪਣੇ ਪਾਪਾਂ ਤੋਂ ਤੌਬਾ ਨਹੀਂ ਕੀਤੀ।

9. ਸ਼ਬਦ "ਤੌਬਾ" ਦਾ ਕੀ ਅਰਥ ਹੈ?

10. ਜਦੋਂ ਯਿਸੂ ਯਰੂਸ਼ਲਮ ਨੂੰ ਗਿਆ ਅਤੇ ਇੱਕ ਵੱਡਾ ਜਲੂਸ ਉਸ ਦੇ ਨਾਲ ਗਿਆ ਇਸ ਜਲੂਸ ਵਿੱਚ ਯਿਸੂ...........ਤੇ ਬੈਠਾ ਸੀ।

11. ਪਸਾਹ ਦੇ ਪਰਬ ਦੀ ਰਾਤ ਯਿਸੂ ਨੇ ਆਪਣੇ ਚੇਲਿਆਂ ਨੂੰ ਤੁਹਾਡੇ ਵਿੱਚੋਂ ਇੱਕ .........ਪਰ ਕੋਈ ਨਹੀਂ ਜਾਣਦਾ ਕੀ ਉਹ ਕੋਣ ਹੈ?

12. ਯਿਸੂ ਨੇ ਉਨ੍ਹਾਂ ਨੂੰ ਪੀਣ ਵਾਲੇ ਦਾਖਰਸ ਬਾਰੇ ਦੱਸਿਆ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਉਸਦੇ ਲਹੂ ਦਾ ਚਿੰਨ੍ਹ ਹੈ ਜੋ ਉਨ੍ਹਾਂ ਦੇ ਪਾਪਾਂ ਦੀ..............ਦੇ ਲਈ ਬਹਾਇਆ ਜਾਵੇਗਾ।

13. ਚੇਲਿਆਂ ਨੇ ਉਸਦੇ ਇਨ੍ਹਾਂ ਸ਼ਬਦਾਂ ਨੂੰ ਸੁਣਿਆਂ , ਫਿਰ ਵੀ ਉਹ ਇਹ ਨਹੀਂ ਸਮਝੇ ਕਿ ਉਹ ਉਨ੍ਹਾਂ ਦੇ ਪਾਪਾਂ ਦੇ ਬਦਲੇ..............ਦੇਵੇਗਾ।

14. ਭੋਜਨ ਤੋਂ ਬਾਦ ਉਹ ਜ਼ੈਤੂਨ ਪਰਬਤ ਉੱਤੇ...........ਅਤੇ ਫਿਰ ਗਤਸਮਨੀ ਬਾਗ ਵਿੱਚ ਗਏ, ਉੱਥੇ ਯਿਸੂ ਸਾਰੀ ਰਾਤ ਪ੍ਰਾਥਨਾ ਕਰਦਾ ਰਿਹਾ, ਜਦਕਿ ਉਸ ਦੇ ਚੇਲੇ .........ਪਏ ਸੀ।

15. ਯਿਸੂ ਨੇ ਕਿਹਾ, ਜਦਿ ਹੋ ਸਕੇ ਤਾਂ ਇਹ ਪਿਆਲਾ ਮੇਰੇ ਤੋਂ ਟਲ ਜਾਵੇ. ਪਰੰਤੂ ਮੇਰੀ ਇੱਛਾ ਤੇਰੀ ਹੀ .......ਪੂਰੀ ਹੋਵੇ।

ਜਦ ਯਿਸੂ ਉੱਪਰ ਜਾ ਰਿਹਾ ਸੀ, ਉਸਨੂੰ ਧੋਖੇ ਨਾਲ ਫੜ੍ਹਵਾਉਣ ਵਾਲਾ ਯਹੂਦਾ ਜਾਜਕਾਂ ਅਤੇ ਧਾਰਮਿਕ ਆਗੂਆਂ ਦੇ ਨਾਲ ਉਸਨੂੰ ਫੜ੍ਹਨ ਲਈ ਆਂ ਪਹੁੰਚਾ।ਉਹਨਾਂ ਦੇ ਹੱਥਾਂ ਵਿੱਚ ਤਲਵਾਰਾਂ ਅਤੇ ਡਾਗਾਂ ਸਨ।ਯਹੂਦਾ ਨੇ ਯਿਸੂ ਨੂੰ " ਹੇ ਰੱਬੀ ਨਮਸਕਾਰ" ਯਿਸੂ ਨੇ ਕਿਹਾ, " ਮਿੱਤਰ ਤੂੰ ਕਿਉਂ ਆਇਆ ਹੈ?"

ਤਦ ਯਿਸੂ ਦੇ ਚੇਲਿਆਂ ਵਿੱਚ ਇੱਕ ਨੇ ਜਲਦੀ ਦੇ ਨਾਲ ਤਲਵਾਰ ਕੱਢ ਕੇ ਮਹਾਜਾਜਕ ਦੇ ਦਾਸ ਦਾ ਕੰਨ ਕੱਟ ਦਿੱਤਾ। ਉਸ ਵੀ ਵਕਤ ਯਿਸੂ ਨੇ ਉਸ ਦਾ ਕੰਨ ਠੀਕ ਕਰ ਦਿੱਤਾ, ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਉਹ ਲੜ੍ਹਾਈ ਕਰਨਾ ਚਾਹੇ ਤਾਂ ਬਾਰ੍ਹਾਂ ਸੈਨਾਵਾਂ ਤੋਂ ਅਧਿਕ ਸਵਰਗਦੂਤਾਂ ਨੂੰ ਬੁਲਾ ਸਕਦਾ ਹੈ, ਲੇਕਿਨ ਇਹ ਤੇ ਕੇਵਲ ਪਵਿੱਤਰ ਸ਼ਾਸਤਰ ਦੇ ਅਨੁਸਾਰ ਪਿਤਾ ਦੀ ਪਿਤਾ ਦੀ ਇੱਛਾ ਪੂਰੀ ਹ ਰਹੀ ਹੈ।

ਤਦ ਯਿਸੂ ਉਸ ਭੀੜ੍ਹ ਵੱਲ ਮੁੜ੍ਹਿਆਂ ਜੋ ਉਸਨੂੰ ਫੜ੍ਹਨ ਆਈ ਸੀ ਅਤੇ ਕਿਹਾ, " ਤੁਸੀਂ ਲਾਠੀਆਂ ਅਤੇ ਤਲਵਾਰਾਂ ਇਸ ਲਈ ਲਿਆਏ ਹੋ ਕਿ ਤੁਸੀਂ ਡਾਕੂ ਨੂੰ ਫੜ੍ਹੋ? ਮੰਦਰ ਵਿੱਚ ਮੈਂ ਰੋਜ ਤੁਹਾਡੇ ਨਾਲ ਬੈਠ ਕੇ ਤੁਹਾਨੂੰ ਸਿੱਖਿਆਂ ਦਿੰਦਾ ਸੀ ਉੱਥੇ ਤੁਸੀਂ ਮੈਨੂੰ ਨਹੀਂ ਫੜ੍ਹਿਆਂ। ਇਹ ਇਸ ਲਈ ਹੋਇਆਂ ਕਿ "ਨਬੀਆਂ ਦੇ ਦੁਵਾਰਾ ਕਿਹਾ ਗਿਆ ਵਚਨ ਪੂਰਾ ਹੋਵੇ" ਉਸ ਵਕਤ ਹੀ ਉਸਦੇ ਚੇਲੇ ਉਸਨੂੰ ਛੱਡ ਕੇ ਭੱਜ ਗਏ।

ਤਦ ਉਸਨੂੰ ਫੜ੍ਹ ਕੇ ਕਾਇਫਾ ਜਾਜਕ ਦੇ ਘਰ ਵਿੱਚ ਲਿਆਇਆ ਗਿਆ।ਉੱਥੇ ਉਸ ਦੇ ਕੋਲ ਜਾਜਕਾਂ ਅਤੇ ਧਾਰਮਿਕ ਨੇਤਾਵਾਂ ਨੇ ਪੁੱਛਗਿਛ ਕੀਤੀ ਉੱਥੇ ਉਨ੍ਹਾਂ ਨੇ ਝੂਠੇ ਗਵਾਹਾਂ ਨੂੰ

ਇਕੱਠਾ ਕੀਤਾ ਕਿ ਉਸ ਉੱਤੇ ਦੋਸ਼ ਲਾਉਣ। ਲੇਕਿਨ ਫਿਰ ਵੀ ਉਹ ਉਸ ਵਿੱਚ ਕੋਈ ਦੋਸ਼ ਨਾ ਲੱਭ ਸਕੇ।ਤਦ ਖੁਦ ਮਹਾਜਾਜਕ ਨੇ ਉਸ ਦੇ ਕੋਲੋਂ ਪੁੱਛਗਿਛ ਕੀਤੀ ਅਤੇ ਕਿਹਾ, ਮੈਂ ਤੈਨੂੰ ਜੀਉਂਦੇ ਪਰਮੇਸ਼ੁਰ ਦੀ ਸੌਂਹ ਦਿੰਦਾ ਹਾਂ, ਕੀ ਤੂੰ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਮਸੀਹ ਹੈ ?"

ਯਿਸੂ ਨੇ ਉਸ ਨੂੰ ਕਿਹਾ, "ਇਹ ਤੂੰ ਆਪ ਕਹਿੰਦਾ ਹੈ। ਲੇਕਿਨ ਮੈਂ ਤੁਹਾਨੂੰ ਆਖਦਾ ਹਾਂ ਕੇ ਇਸ ਦੇ ਬਾਦ ਤੁਸੀਂ ਮਨੁੱਖ ਦੇ ਪੁੱਤਰ ਨੂੰ ਸਾਮਰਥੀ ਸੱਜੇ ਹੱਥ ਬੈਠੇ, ਅਤੇ ਬੱਦਲਾਂ ਤੇ ਆਉਂਦਾ ਵੇਖੋਗੇ" ਇਹ ਸੁਣ ਕੇ ਮਹਾਜਾਜਕ ਨੇ ਆਪਣੇ ਕੱਪੜੇ ਪਾੜ ਦਿੱਤੇ ਅਤੇ ਕਿਹਾ, " ਇਹ ਤੇ ਘੋਰ ਨਿੰਦਾ ਹੈ।" ਜੋ ਲੋਕ ਉੱਥੇ ਇਕੱਠੇ ਸਨ ਉਨ੍ਹਾਂ ਨੇ ਯਿਸੂ ਦੇ ਮੂੰਹ ਤੇ ਥੁਕਿਆਂ ਬਹੁਤਿਆਂ ਨੇ ਉਸਦੇ ਮੁੱਕੇ ਮਾਰੇ ਅਤੇ ਉਸਨੂੰ ਕਿਹਾ, ਸਾਨੂੰ ਦੱਸ ਤੈਨੂੰ ਕਿਸ ਨੇ ਮਾਰਿਆ?"

ਅਗਲ਼ੀ ਸਵੇਰ ਉਹ ਉਸਨੂੰ ਰੋਮੀ ਰਾਜਪਾਲ ਪਿਲਾਤੂਸ ਦੇ ਕੋਲ ਲਿਆਏ ਅਤੇ ਉਸਨੂੰ ਕਿਹਾ ਇਹ ਆਪਣੇ ਆਪ ਨੂੰ ਯਹੂਦੀਆਂ ਦਾ ਰਾਜਾ ਕਹਿੰਦਾ ਹੈ । " ਪਿਲਾਤੂਸ ਨੇ ਉਸਨੂੰ ਕਿਹਾ, ਕੀ ਤੂੰ ਯਹੂਦੀਆਂ ਦਾ ਰਾਜਾ ਹੈ।ਠੀਕ, ਤੁਸੀਂ ਆਪ ਹੀ ਕਹਿ ਰਹੇ ਹੋ।" ਇਸ ਦੇ ਬਾਅਦ ਵੀ ਪਿਲਾਤੂਸ ਯਿਸੂ ਦੇ ਸਲੀਬ ਦੇਣ ਯੋਗ ਕੋਈ ਦੋਸ਼ ਨਾ ਲੱਭ ਸਕਿਆ। ਪਿਲਾਤੂਸ ਦੀ ਪਤਨੀ ਨੇ ਸੁਫਨਾ ਦੇਖਿਆਂ ਅਤੇ ਆਪਣੇ ਪਤੀ ਨੂੰ ਆਖਿਆ ਕੇ ਤੂੰ ਯਿਸੂ ਦੇ ਨਾਲ ਕੁਝ ਨਾ ਕਰਨਾ, ਪਿਲਾਤੂਸ ਜਾਣਦਾ ਸੀ ਕਿ ਯਹੂਦੀ ਆਗੂਆਂ ਨੇ ਈਰਖਾ ਵਿੱਚ ਆ ਕੇ ਇਹ ਸਭ ਕੁਝ ਕੀਤਾ ਹੈ। ਉਹ ਨਹੀਂ ਜਾਣਦਾ ਸੀ ਕਿ ਉਹ ਕੀ ਕਰੇ। ਕਿਉਂਕਿ ਭੀੜ ਬਹੁਤ ਗੁੱਸੇ ਵਿੱਚ ਸੀ।

ਇੱਕ ਪ੍ਰਥਾ ਦੇ ਅਨੁਸਾਰ ਹਰ ਪਸਾਹ ਤੇ ਲੋਕਾਂ ਦੀ ਇੱਛਾ ਅਨੁਸਾਰ ਇੱਕ ਕੈਦੀ ਨੂੰ ਆਜ਼ਾਦ ਕੀਤਾ ਜਾਂਦਾ ਸੀ, ਅਤੇ ਇਸ ਸਾਲ ਬਰਅਬਾ ਨਾਮਕ ਇੱਕ ਵਿਸ਼ੇਸ ਖਤਰਨਾਕ ਕੈਦੀ ਕੈਦ ਵਿੱਚ ਸੀ । ਅਤ: ਉਸਨੇ ਬਰਅਬਾ ਅਤੇ ਯਿਸੂ ਨੂੰ ਲਿਆ ਅਤੇ ਉਸਨੇ ਉਨ੍ਹਾਂ ਨੂੰ ਆਖਿਆ, ਤੁਸੀਂ ਕਿਸ ਨੂੰ ਚਾਹੁੰਦੇ ਹੋ ਕਿ ਮੈ ਛੱਡ ਦੇਵਾਂ ਬਰਅਬਾ ਜਾਂ ਯਿਸੂ ਨੂੰ ਜੋ ਮਸੀਹ ਕਹਿਲਾਉਂਦਾ ਹੈ? ਪਰੰਤੂ ਲੋਕਾਂ ਨੇ, ਜਿਨ੍ਹਾਂ ਨੂੰ ਫਰੀਸੀਆਂ ਨੇ ਉਕਸਾਇਆ ਸੀ, ਕਿਹਾ, ਬਰਅਬਾ ਨੂੰ । ਤਦ ਉਸ ਨੇ ਲੋਕਾਂ ਨੂੰ ਪੁੱਛਿਆਂ, ਕਿ ਯਿਸੂ ਜੋ ਮਸੀਹ ਕਹਿਲਾਉਂਦਾ ਹੈ, ਉਸਦੇ ਨਾਲ ਮੈਂ ਕੀ ਕਰਾਂ? ਲੋਕਾਂ ਨੇ ਕਿਹਾ, ਉਸਨੂੰ ਸਲੀਬ ਤੇ ਚੜ੍ਹਾਂ ਦਿਓ।

ਤਦ ਪਿਲਾਤੂਸ ਨੇ ਪਾਣੀ ਮੰਗਵਾਇਆਂ ਅਤੇ ਆਪਣੇ ਹੱਥ ਧੋਤੇ ਅਤੇ ਕਿਹਾ, " ਮੈਂ ਯਿਸੂ ਦੇ ਲਹੂ ਤੋਂ ਨਿਰਦੋਸ਼ ਹਾਂ। ਜੋ ਤੁਸੀਂ ਚਾਹੋ ਉਸਦੇ ਨਾਲ ਕਰੋ।" ਸੋ ਉਸਨੇ ਬਰਅਬਾ ਨੂੰ ਛੱਡ ਦਿੱਤਾ ਅਤੇ ਯਿਸੂ ਨੂੰ ਕੋੜ੍ਹੇ ਲਗਵਾਏ।

ਤਦ ਸਿਪਾਹੀ ਉਸ ਨੂੰ ਲੈ ਗਏ ਅਤੇ ਉਸਨੂੰ ਤਸੀਹੇ ਦਿੱਤੇ ਤੇ ਉਸਦਾ ਮਜ਼ਾਕ ਉਡਾਇਆ ਗਿਆ। ਉਹ ਚਾਰੋ ਪਾਸੇ ਇਕੱਠਾ ਹੋ ਗਏ । ਉਸਨੂੰ ਚੋਗਾ ਪਹਿਨਾਇਆਂ ਗਿਆ, ਕੰਡਿਆਂ ਦਾ ਤਾਜ ਉਸਦੇ ਸਿਰ ਤੇ ਰੱਖਿਆਂ ਗਿਆ. ਉਸ ਦੇ ਹੱਥ ਵਿੱਚ ਛੜ੍ਹੀ ਦਿੱਤੀ ਅਤੇ ਝੁਕ ਕੇ ਉਸ ਨੂੰ ਪ੍ਰਨਾਮ ਕੀਤਾ ਅਤੇ ਕਿਹਾ, " ਯਹੂਦੀਆਂ ਦੇ ਰਾਜੇ ਨੂੰ ਨਮਸਕਾਰ" ਉਸ ਤੇ ਉਨ੍ਹਾਂ ਨੇ ਥੁੱਕਿਆਂ, ਜੋ ਛੜ੍ਹੀ ਉਸ ਦੇ ਹੱਥ ਵਿੱਚ ਸੀ ਉਸਦੇ ਨਾਲ ਉਸ ਨੂੰ ਮਾਰਿਆ ਗਿਆ। ਜਦ ਉਹ ਉਸਦਾ ਮਜ਼ਾਕ ਉਡਾ ਚੁੱਕੇ ਤਦ ਉਨ੍ਹਾਂ ਨੇ ਉਸਦਾ ਚੋਗਾ ਉਤਾਰ ਲਿਆ ਅਤੇ ਉਸਨੂੰ ਗੁਲਗਤਾ (ਖੋਪੜੀ ਦਾ ਸਥਾਨ) ਤੇ ਲੈ ਗਏ ਉੱਥੇ ਉਸਨੂੰ ਸਲੀਬ ਤੇ ਚੜ੍ਹਾਇਆ ਜਾਣਾ ਸੀ। ਉੱਥੇ ਉਨ੍ਹਾਂ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਇਆਂ ਗਿਆ ਅਤੇ ਇੱਕ ਲੇਖ ਲਿਖਕੇ ਉਸ ਤੇ ਲੱਗਾ ਦਿੱਤਾ ਕਿ ਇਹ ਯਹੁਦੀਆਂ ਦਾ ਰਾਜਾ ਹੈ। ਉਸਨੂੰ ਦੋ ਡਾਕੂਆਂ ਦੇ ਵਿਚਕਾਰ ਸਲੀਬ ਦਿੱਤੀ ਗਈ। ਜਦ ਯਿਸੂ ਸਲੀਬ ਤੇ ਸੀ ਨਵੇਂ ਘੰਟੇ ਦੇ ਲੱਗਭਗ ਯਿਸੂ ਨੇ ਜ਼ੋਰ ਨਾਲ ਪੁਕਾਰਿਆਂ " ਏਲੀ ਏਲੀ ਲਮਾ ਸ਼ਬਕਤਨੀ " ਜਿਸਦਾ ਅਰਥ ਹੈ, " ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ ਤੂੰ ਮੈਨੂੰ ਕਿਉਂ ਛੱਡ ਦਿੱਤਾ?" ਇਸ ਦੇ ਬਾਦ ਉਹ ਫਿਰ ਚਿਲਾਇਆਂ ਅਤੇ ਕਿਹਾ, " ਹੇ ਪਿਤਾ ਮੈਂ ਆਪਣਾ ਪ੍ਰਾਣ ਤੇਰੇ ਹੱਥਾਂ ਵਿੱਚ ਸੌਂਪਦਾ ਹਾਂ।"

ਜਦ ਉਸਨੇ ਆਪਣੇ ਪ੍ਰਾਣ ਤਿਆਗ ਦਿੱਤੇ। ਤਦ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਜਿਸ ਤਰ੍ਹਾਂ ਮੰਦਰ ਦਾ ਪਰਦਾ ਉੱਪਰ ਤੋਂ ਲੈ ਕੇ ਥੱਲੇ ਤੱਕ ਦੋ ਟੁਕੜੇ ਹੋ ਗਿਆ। ਚਟਾਨਾਂ ਖਿਸਕ ਗਈਆਂ, ਭੂਚਾਲ ਆਇਆਂ, ਅਤੇ ਬਹੁਤ ਸਾਰੀਆਂ ਕਬਰਾਂ ਖੁਲ੍ਹ ਗਈਆਂ, ਬਹੁਤ ਸਾਰੇ ਪਵਿੱਤਰ ਲੋਕਾਂ ਦੀਆਂ ਲੋਥਾਂ ਜੀਵਿਤ ਹੋ ਗਈਆਂ, ਜਿਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੇ ਵੇਖਿਆਂ।

ਮੌਖਿਕ ਪ੍ਰਸ਼ੰਨ

1. ਯਿਸ਼ੂ ਨੂੰ ਕਿਸ ਤਰਾਂ ਧੋਖਾ ਦਿੱਤਾ ਗਿਆ?
2. ਯਿਸੂ ਦੇ ਇੱਕ ਚੇਲੇ ਨੇ ਯਿਸੂ ਨੂੰ ਬਚਾਉਣ ਲਈ ਕੁਝ ਕੀਤਾ ਸੀ? ਉਸਨੇ ਕੀ ਕੀਤ ਸੀ ਅਤੇ ਯਿਸੂ ਦੀ ਕੀ ਪ੍ਰਤਿਕਿਰਿਆਂ ਰਹੀ?
3. ਫੜ੍ਹਵਾਏ ਜਾਣ ਦੇ ਸਮੇਂ ਉਸਦੇ ਚੇਲਿਆਂ ਨੇ ਕੀ ਕੀਤਾ?
4. ਕਿਹੜੇ ਬਾਗ ਵਿੱਚ ਉਨ੍ਹਾਂ ਨੇ ਯਿਸੂ ਨੂੰ ਫੜਿਆਂ?
5. ਜਦ ਕਿ ਬਹੁਤ ਸਾਰੇ ਝੂਠੇ ਗਵਾਹ ਉੱਥੇ ਸਨ ਲੇਕਿਨ ਯਿਸੂ ਮਸੀਹ ਉੱਤੇ ਦੋਸ਼ ਲਗਾਉਣ ਲਈ ਉਨ੍ਹਾਂ ਨੇ ਕੀ ਕੀਤਾ?
6. ਅਗਲੀ ਸਵੇਰ ਉਹ ਯਿਸੂ ਨੂੰ ਕਿੱਥੇ ਲੈ ਕੇ ਗਏ?

7. ਜਦ ਪਿਲਾਤੂਸ ਯਿਸੂ ਉੱਤੇ ਕੋਈ ਦੋਸ਼ ਨਾ ਲੱਭ ਸਕਿਆ ਤਾਂ ਉਸਨੇ ਯਿਸੂ ਨੂੰ ਲੋਕਾਂ ਤੇ ਛੱਡ ਦਿੱਤਾ । ਤਾਂ ਪਿਲਾਤੂਸ ਨੇ ਲੋਕਾਂ ਦੇ ਸਾਹਮਣੇ ਚੁਨਣ ਲਈ ਕੀ ਰੱਖਿਆ, ਅਤੇ ਉਨ੍ਹਾਂ ਨੇ ਕੀ ਚੁਣਿਆਂ?
8. ਸਿਪਾਹੀਆਂ ਨੇ ਯਿਸੂ ਨਾਲ ਕਿਸ ਤਰਾਂ ਦਾ ਵਿਹਵਾਰ ਕੀਤਾ?
9. ਤਿੰਨ ਘੰਟੇ ਦੇ ਅੰਧਕਾਰ ਬਾਅਦ ਯਿਸੂ ਨੇ ਕੀ ਪੁਕਾਰਾ , ਅਤੇ ਇਸ ਦਾ ਕੀ ਅਰਥ ਸੀ?
10. ਉਹ ਕਿਹੜੀਆਂ ਘਟਨਾਵਾਂ ਉਸ ਸਮੇਂ ਘਟੀਆਂ ਜਦੋਂ ਯਿਸੂ ਨੇ ਆਪਣੇ ਪ੍ਰਾਂਣ ਤਿਆਗ ਦਿੱਤੇ?

# ਆਤਮਿਕ ਸੱਚਾਈਆਂ -ਪਾਠ 6
## ਮੱਤੀ 26-27

1. ਯਿਸੂ ਕੌਣ ਹੈ? " ਮਨੁੱਖ ਦਾ ਪੁੱਤਰ ਜੋ ਸਵਰਸ਼ਕਤੀਮਾਨ ਦੇ ਸੱਜੇ ਹੱਥ ਬੈਠਾ ਹੈ ਅਤੇ ਸਵਰਗ ਦੇ ਬੱਦਲਾਂ ਉੱਤੇ ਆਉਣ ਵਾਲਾ ਹੈ।" ਇਹ ਹੀ ਜਵਾਬ ਯਿਸੂ ਮਸੀਹ ਨੇ ਮਹਾਜਾਜਕ ਨੂੰ ਦਿੱਤਾ ਇਸ ਦੇ ਕਾਰਨ ਹੀ ਉਸ ਨੂੰ ਸਲੀਬ ਤੇ ਚੜ੍ਹਾਉਣ ਲਈ ਲੈ ਜਾਇਆ ਗਿਆ। ਇਹ ਉਹ ਜਵਾਬ ਸੀ ਜਿਸ ਨੂੰ ਲੋਕਾਂ ਨੇ ਸਵੀਕਾਰ ਨਹੀਂ ਕੀਤਾ।ਅਤੇ ਅੱਜ ਵੀ ਹਰ ਕੋਈ ਉਸ ਪ੍ਰਸ਼ਨ ਦਾ ਸਾਹਮਣਾ ਕਰਨਾ ਹੋਵੇਗਾ, ਇਹ ਜਾਣਨ ਲਈ ਕੀ ਯਿਸੂ ਕੌਣ ਹੈ? ਕਿਉਂਕਿ ਜੇ ਯਿਸੂ ਵਾਸਤਵ ਵਿੱਚ ਹੀ ਸਵਰਸ਼ਕਤੀਮਾਨ ਦੇ ਸੱਜੇ ਹੱਥ ਬੈਠਾ ਹੈ ਅਤੇ ਬੱਦਲਾਂ ਤੇ ਆਉਣ ਵਾਲਾ ਹੈ। ਸਾਨੂੰ ਸਾਰਿਆਂ ਨੂੰ ਇਹ ਫੈਸਲਾ ਕਰਨਾ ਹੋਵੇਗਾ ਕਿ ਸਾਡਾ ਉੱਤਰ ਕੀ ਹੋਵੇਗਾ?
2. ਬਰਅਬਾ ਦੇ ਸਥਾਨ ਤੇ ਯਿਸੂ ਨੂੰ  ਸਲੀਬ ਤੇ ਚੜ੍ਹਾਂਇਆਂ ਗਿਆ ਅਤੇ ਨਿਰਦਈ ਬਰਅਬਾ ਨੂੰ ਮੁਕਤ ਕਰ ਦਿੱਤਾ ਗਿਆ।
   . ਹੋ ਸਕਦਾ ਹੈ ਕਿ ਮੈਂ ਬਰਅਬਾ ਦੀ ਤਰ੍ਹਾਂ ਘ੍ਰਿਣਤ ਡਾਕੂ ਨਹੀਂ ਹਾਂ । ਲੇਕਿਨ ਪਰਮੇਸ਼ੁਰ ਦੇ ਸਾਹਮਣੇ ਪਾਪੀ ਹਾਂ। ਇਸ ਕਾਰਨ ਮੌਤ ਮੇਰੀ ਸਜ਼ਾ ਹੈ। ਰੋਮੀਆਂ 6:23 ਵਿੱਚ ਲਿਖਿਆਂ ਹੈ" ਪਾਪ ਦੀ ਮਜ਼ਦੂਰੀ ਮੌਤ ਹੈ।" ਇਸਦਾ ਅਰਥ ਇਹ ਅਸੀਂ ਸਾਰਿਆਂ ਨੂੰ ਮਰਨਾ ਹੈ। ਆਪਣੇ ਉਨ੍ਹਾਂ ਪਾਪਾਂ ਦੀ ਕਾਰਨ ਜੋ ਅਸੀਂ ਆਪਣੇ ਜੀਵਨ ਵਿੱਚ ਕੀਤੇ ਹਨ। ਇਹ ਜ਼ਰੂਰੀ ਨਹੀਂ ਬਰਅਬਾ ਦੀ ਤਰਾਂ ਬਹੁਤ ਸਾਰੇ ਪਾਪ ਕੀਤੇ ਹੋਣ, ਅਤੇ ਨਾ ਹੀ ਉਸਦੇ ਚੇਲਿਆਂ ਦੇ ਵਾਂਗ ਚੰਗੇ ਵਿਅਕਤੀ ਹੋਈਏ, ਤਾਂ ਵੀ ਸਾਨੂੰ ਪਾਪਾਂ ਦੀ ਮਾਫੀ ਦੀ ਲੋੜ ਹੈ।
3. ਯਿਸੂ ਸਤਾਇਆ ਗਿਆ, ਦੰਡਿਤ ਹੋਇਆ ਅਤੇ ਮਾਰਿਆ ਗਿਆ ਕੇਵਲ ਸਾਡੇ ਪਾਪਾਂ ਦੀ ਕੀਮਤ ਚੁਕਾਉਣ ਦੇ ਲਈ:  ਇਸ ਕਾਰਨ ਹੀ ਯਿਸੂ ਧਰਤੀ ਤੇ ਆਇਆ ਕਿਉਂਕਿ ਉਹ ਚਾਹੁੰਦਾ ਹੈ ਕਿ ਪਰਮੇਸ਼ੁਰ ਦੇ ਸਾਹਮਣੇ ਪਾਪਾਂ ਦੀ ਮਾਫੀ ਪ੍ਰਾਪਤ ਕੀਤੇ ਹੋਏ ਵਿਅਕਤੀਆਂ ਵਾਂਗ ਖੜ੍ਹੇ ਹੋਈਏ।ਕੁਝ ਲੋਕ ਇਹ ਕਹਿੰਦੇ ਹਨ ਯਿਸੂ ਇੱਕ ਭਵਿੱਖਵਕਤਾ ਹੈ, ਸ਼ਹੀਦ ਹੈ। ਲੇਕਿਨ ਇਹ ਸੱਚ ਨਹੀਂ ਹੈ।ਲੇਕਿਨ ਯਿਸੂ ਨੇ ਸਦਾ ਇਸ ਗੱਲ ਦਾ ਦਾਵਾ ਕੀਤਾ ਕੀ ਉਹ ਪਰਮੇਸ਼ੁਰ ਹੈ ਅਤੇ ਲੋਕਾਂ ਦੇ ਪਾਪਾਂ ਦੇ ਲਈ ਆਪਣੀ ਜਾਨ ਦੇਣ ਲਈ ਧਰਤੀ ਤੇ ਆਇਆ।
4. ਯਿਸੂ ਨੇ ਖੁਦ ਆਪਣਾ ਪ੍ਰਾਂਣ ਸੋਪਿਆਂ : ਜਦਿ ਯਿਸੂ ਚਾਹੁੰਦਾ ਤਾਂ ਕਿਸੀ ਵੀ ਪਲ ਸਲੀਬ ਤੋਂ ਥੱਲੇ ਉੱਤਰ ਸਕਦਾ ਸੀ । ਆਪਣੇ ਇੱਕ ਸ਼ਬਦ ਦੀ ਦੁਵਾਰਾ ਉਨ੍ਹਾਂ ਸਭਨਾਂ ਨੂੰ ਜੋ ਉਸ ਦਾ ਮਜ਼ਾਕ ਉੱਡਾਂ ਰਹੇ ਸਨ, ਮਾਰ ਸਕਦਾ ਸੀ ।ਲੇਕਿਨ ਉਸ ਨੇ ਖੁਦ ਦੀਨ ਬਣਨਾ ਚੁਣਿਆ ਅਤੇ ਸਾਡੇ ਲਈ ਸਲੀਬ ਤੇ ਚੜ੍ਹਿਆਂ। ਆਪਣਾ ਆਤਮਾ ਉਸਨੇ ਸੌਂਪ ਦਿੱਤਾ ਕਿ ਸਾਡੇ ਪਾਪਾਂ ਦਾ ਕਰਜ਼ ਚੁਕਾਇਆਂ ਜਾਵੇ। ਯੂਹੰਨਾ 3:16 ਵਿੱਚ ਲਿਖਿਆਂ ਹੈ: ਪਰਮੇਸ਼ੁਰ ਨੇ ਜਗਤ ਨਾਲ ਐਸਾ ਪਿਆਰ ਕੀਤਾ, ਉਸਨੇ ਆਪਣਾ ਇਕਲੌਤਾ ਪੁੱਤਰ ਦੇ ਦਿੱਤਾ, ਜੋ ਕੋਈ ਉਸ ਉੱਤੇ ਵਿਸ਼ਵਾਸ ਕਰੇ, ਨਾਸ਼ ਨਾ ਹੋਵੇ ਪਰੰਤੂ ਅਨੰਤ ਜੀਵਨ ਪਾਵੇ।"

. ਅਗਲੇ ਪਾਠ ਵਿੱਚ ਅਸੀਂ ਯਿਸੂ ਦੇ ਪੁਨਰਥਾਨ ਦੇ ਬਾਰੇ ਵਿੱਚ ਪੜ੍ਹਾਂਗੇ, ਜਿਸ ਵਿੱਚ ਸੱਚ ਨੂੰ ਜਾਣਾਂਗੇ ਕਿ ਅੱਜ ਯਿਸੂ ਮਰਿਆਂ ਹੋਇਆ ਨਹੀਂ ਹੈ, ਲੇਕਿਨ ਜੀਉਂਦਾ ਹੈ । ਉਹ ਤੁਹਾਡੇ  ਜੀਵਨ ਵਿੱਚ ਆਉਣਾ ਚਾਹੁੰਦਾ ਹੈ। ਉਹ ਤੁਹਾਡੇ ਪਾਪਾਂ ਨੂੰ ਮਾਫ ਕਰਕੇ, ਤੁਹਾਨੂੰ ਪਵਿੱਤਰ ਬਣਾਉਣਾ ਚਾਹੁੰਦਾ ਹੈ ਅਤੇ ਤੁਹਾਡੇ ਜੀਵਨ ਨੂੰ  ਪੂਰਾ ਬਦਲਣਾ ਚਾਹੂੰਦਾ ਹੈ।

ਯਿਸੂ ਦਾ ਪੂਨਰੁਥਾਨ- ਪਾਠ 7

ਮੱਤੀ 27-26

" ਡਰੋ ਨਾ, ਕਿਉਂਕਿ ਮੈਂ ਜਾਣਦਾ ਹਾਂ ਕਿ ਤੁਸੀਂ ਯਿਸੂ ਨੂੰ ਜਿਸਨੂੰ ਸਲੀਬ ਤੇ ਚੜ੍ਹਾਇਆਂ ਗਿਆ ਸੀ, ਲੱਭ ਰਹੀ ਹੋ, ਉਹ ਇੱਥੇ ਨਹੀਂ ਹੈ, ਕਿਉਂਕਿ ਉਹ ਆਪਣੇ ਕਹਿਣ ਮੁਤਾਬਕ ਜੀਅ ਉਠਿਆਂ ਹੈ।" ਮੱਤੀ 28: 5-6

ਪੂਰਨ ਵਿਚਾਰ

1. ਯਿਸੂ ਇੱਕ ਕੁਆਰੀ ਕੰਨਿਆਂ ਜਿਸ ਦਾ ਨਾਮ..............ਸੀ ਉਸ ਤੋਂ ਪੈਦਾ ਹੋਇਆ।
2. ਯਿਸੂ ਨੇ ਆਪਣੀ ਸੇਵਕਾਈ ਦਾ ਆਰੰਭ ਯੂਹੰਨਾ ਦੁਆਰਾ.................ਪਾਏ ਜਾਣ ਤੋਂ ਬਾਦ ਕੀਤਾ।
3. ਬਪਤਿਸਮਾ ਦੇ ਸਮੇਂ ...............ਕਬੂਤਰ ਦੇ ਵਾਂਗ ਉਸਦੇ ਉੱਪਰ ਆ ਠਹਿਰਾ ਅਤੇ ਸਵਰਗ ਤੋਂ ਆਵਾਜ਼ ਆਈ " ਇਹ ਮੇਰਾ ਪਿਆਰਾ ...........ਹੈ ਜਿਸ ਤੋਂ ਮੈਂ ਬਹੁਤ ਖੁਸ਼ ਹਾਂ।" ਇਸਤੋਂ ਸਾਨੂੰ ਤ੍ਰਿਏਕਤਾ ਨੇ ਤਿੰਨ ਵਿਅਕਤੀਆਂ ...............ਦਾ ਪਤਾ ਚੱਲਦਾ ਹੈ।
4. ਯਿਸੂ ਨੇ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੀਆਂ ਬੀਮਾਰੀਆਂ ਤੋਂ ਚੰਗਾ ਕੀਤਾ ਅਤੇ ਉਨ੍ਹਾਂ ਦੇ ਪਾਪਾਂ ਨੂੰ ..........।
5. ਲੇਕਿਨ ਬਹੁਤਿਆਂ ਨੇ ਇਹਨਾਂ ਅਚਰਜਕਰਮਾਂ ਨੂੰ ਦੇਖਣ ਤੋਂ ਬਾਦ ਵੀ ਯਿਸੂ ਦੇ ਵਚਨਾਂ ਨੂੰ ਮੰਨਿਆਂ ਅਤੇ ਆਪਣੇ ਪਾਪਾਂ ਤੋਂ .................ਨਹੀਂ ਕੀਤਾ।
6. ਸ਼ਬਦ "ਤੌਬਾ" ਦਾ ਕੀ ਅਰਥ ਹੈ?
7. ਯਿਸੂ ਨੇ ਕਿਹਾ, ਦਾਖਰਸ ਉਸਦੇ ਲਹੂ ਦਾ ਪ੍ਰਤੀਕ ਹੈ ਜੋ ਬਹੁਤਿਆਂ ਦੇ ਲਈ..............ਜਾਵੇਗਾ।ਉਨ੍ਹਾਂ ਦੇ ਪਾਪ ਨੂੰ ..............ਦੇ ਲਈ।
8. ਫਰੀਸੀਆਂ ਨੇ ਯਿਸੂ ਨੂੰ ਗਤਸਮਨੀ ਬਾਗ ਵਿੱਚ , ਜਿੱਥੇ ਉਹ ਪ੍ਰਰਾਥਨਾ ਕਰ ਰਿਹਾ ਸੀ, ਉਸਨੂੰ ਫੜ੍ਹਿਆਂ ਅਤੇ ,..............ਮਹਾਜਾਜਕ ਦੇ ਘਰ ਲੈ ਗਏ।
9. ਮਹਾਜਾਜਕ ਨੇ ਉਸਤੋਂ ਪੁੱਛਿਆਂ ਕੀ ਉਹ ..............ਅਤੇ ਯਿਸੂ ਨੇ ਕਿਹਾ, ਹਾਂ, ਉਹ ਹੈ। ਜਦ ਉਹ ਲੋਕ ਯਿਸੂ ਦੇ ਕੋਲ ਆਏ ਅਤੇ ਉਸਦੇ ਮੂੰਹ ਤੇ ...........ਅਤੇ ਉਸਦਾ ...........ਉਡਾਇਆਂ ਅਤੇ ਜੋ ..............ਉਸਦੇ ਹੱਥ ਵਿੱਚ ਸੀ ਉਸਦੇ ਨਾਲ ਉਸਨੂੰ ਮਾਰਿਆਂ।
10. ਅਗਲੀ ਸਵੇਰ ਫਰੀਸੀ ਉਸਨੂੰ ਰੋਮੀ ਰਾਜਪਾਲ, ਜਿਸਦਾ ਨਾਮ ...........ਸੀ ਉਸ ਦੇ ਕੋਲ ਲੈ ਗਏ।
11. ਪਿਲਾਤੂਸ ਨੇ ਯਿਸੂ ਵਿੱਚ ਕੋਈ ਦੋਸ਼ ਨਹੀਂ ਪਾਇਆ ਲੇਕਿਨ ਲੋਕਾਂ ਦੇ ਡਰ ਦੇ ਕਾਰਨ ਉਸਨੂੰ ਸਲੀਬ ਤੇ ਚੜ੍ਹਾਉਣ ਲਈ ਦੇ ਦਿੱਤਾ ਕਿਤੇ ਲੋਕਾਂ ਵਿੱਚ ..............ਨਾ ਉਤਪੰਨ ਹੋ ਜਾਵੇ।
12. ਰੋਮੀ ਸਿਪਾਹੀਆਂ ਨੇ ਉਸਨੂੰ ਸਤਾਇਆਂ ਅਤੇ..............ਦਾ ਤਾਜ ਉਸ ਦੇ ਸਿਰ ਤੇ ਰੱਖਿਆ ਅਤੇ ਉਸਦੇ ਸਿਰ ਉੱਤੇ ............ਮਾਰਿਆਂ ਜੋ ਉਸਦੇ ਹੱਥ ਵਿੱਚ ਸੀ।
13. ਯਿਸੂ ਨੂੰ ਸਲੀਬ ਤੇ ਇਹ ਲਿਖ ਕੇ ਟੰਗ ਦਿੱਤਾ ਗਿਆ ਕਿ " ਇਹ ਯਿਸੂ ਹੈ ਜੋ ਯਹੂਦੀਆਂ ਦਾ ......... ਹੈ।
14. 6 ਤੋਂ 9 ਵਜੇ ਤੱਕ ਪੂਰੇ ਦੇਸ ...............ਛਾਇਆ ਰਿਹਾ।

ਇੱਕ ਧਨੀ ਵਿਅਕਤੀ ਜਿਸ ਦਾ ਨਾਮ ਅਰਮਤਿਯਾਹ ਦਾ ਯੂਸੁਫ ਸੀ, ਜੋ ਯਿਸੂ ਦਾ ਚੇਲਾ ਸੀ। ਉਸਨੇ ਪਿਲਾਤੂਸ ਤੋਂ ਆਗਿਆ ਮੰਗੀ ਕੀ ਉਹ ਯਿਸੂ ਦੀ ਲੋਥ ਨੂੰ ਲੈ ਕੇ ਆਪਣੀ ਕਬਰ ਵਿੱਚ ਦਫਨਾ ਸਕਦਾ ਹੈ।ਪਿਲਾਤੂਸ ਨੇ ਸਵੀਕਾਰ ਕਰ ਲਈ ਅਤੇ ਫਿਰ ਯੂਸੁਫ ਨੇ ਯਿਸੂ ਨੂੰ ਕਬਰ ਵਿੱਚ ਦਫਨਾ ਦਿੱਤਾ ਅਤੇ ਇੱਕ ਵੱਡਾ ਪੱਥਰ ਉਸ ਅੱਗੇ ਰੱਖ ਦਿੱਤਾ। ਅਗਲੀ ਸਵੇਰ ਸਭ ਫਰੀਸੀ ਇਕੱਠਾ ਹੋਏ ਅਤੇ ਪਿਲਾਤੂਸ ਦੇ ਕੋਲ ਗਏ, ਕਿਉਂਕਿ ਉਨ੍ਹਾਂ ਨੂੰ ਯਿਸੂ ਦੀਆਂ ਗੱਲਾਂ ਯਾਦ ਸਨ ਕਿਉਕਿ ਉਸਨੇ ਕਿਹਾ ਸੀ" ਉਹ ਤੀਸਰੇ ਦਿਨ ਜੀਅ ਉਠੇਗਾ" ਉਨ੍ਹਾਂ ਨੇ ਪਿਲਾਤੂਸ ਨੂੰ ਕਿਹਾ, ਚੰਗਾ ਹੋਵੇਗਾ ਕਿ ਕਬਰ ਨੂੰ ਤਿੰਨ ਦਿਨ ਤੱਕ ਸੁਰੱਖਿਆ ਵਿੱਚ ਰੱਖਿਆ ਜਾਵੇ

ਪਿਲਾਤੂਸ ਨੇ ਇਹ ਆਗਿਆ ਦੇ ਦਿੱਤੀ ਤੇ ਉਨ੍ਹਾਂ ਨੇ ਕਬਰ ਤੇ ਰੋਮੀ ਰਾਜਯ ਦੀ ਮੋਹਰ ਲਾ ਦਿੱਤੀ। ਹਫਤੇ ਦੇ ਪਹਿਲੇ ਦਿਨ ਮਰੀਅਮ ਮਗਦਲੀਨੀ ਤੇ ਦੂਜੀ ਮਰੀਅਮ, ਜਿੱਥੇ ਯਿਸੂ ਨੂੰ ਰੱਖਿਆ ਗਿਆ ਸੀ ਉਹ ਉੱਥੇ ਗਈ । ਉਨ੍ਹਾਂ ਨੇ ਦੇਖਿਆ ਕਿ ਭੂਚਾਲ ਦੇ ਕਾਰਨ ਕਬਰ ਵਾਲਾ ਪੱਥਰ ਹਟਿਆਂ ਹੋਇਆ ਸੀ ਅਤੇ ਪ੍ਰਭੂ ਦਾ ਸਵਰਗ ਦੂਤ ਪੱਥਰ ਤੇ ਬੈਠਾ ਸੀ ਅਤੇ ਜੋ ਸਿਪਾਹੀ ਸੁਰੱਖਿਆ ਕਰ ਰਹੇ ਸਨ ਉਹ ਡਰੇ ਪਏ ਸਨ ।

ਲੇਕਿਨ ਸਵਗਰਦੂਤ ਨੇ ਇਸਤਰੀਆਂ ਨੂੰ ਕਿਹਾ, " ਜਿਸ ਯਿਸੂ ਨੂੰ ਤੁਸੀਂ ਲੱਭ ਰਹੀਆਂ ਹੋ ਉਹ ਇੱਥੇ ਨਹੀਂ ਹੈ ਉਹ ਜੀਅ ਉੱਠਿਆਂ ਹੈ। ਇਸ ਤੋਂ ਪਹਿਲਾ ਕੀ ਤੁਸੀਂ ਗਲੀਲ ਪਹੁੰਚੋ ਉਹ ਉੱਥੇ ਹੋਵੇਗਾ।ਇਹ ਇਸਤਰੀਆਂ ਬੜ੍ਹੇ ਆਨੰਦ ਅਤੇ ਡਰ ਦੇ ਕਾਰਨ ਚੇਲਿਆਂ ਨੂੰ ਦੱਸਣ ਲਈ ਦੋੜ੍ਹ ਪਈਆਂ।ਜਦੋਂ ਉਹ ਜਾਹ ਰਹੀਆਂ ਸਨ ਤਾਂ ਉਸਨੇ ਕਿਹਾ "ਆਨੰਦਿਤ ਹੋਵੋ"। ਉਹ ਰੁਕ ਗਈਆਂ ਅਤੇ ਉਨ੍ਹਾਂ ਨੇ ਝੁਕ ਕੇ ਉਸਨੂੰ ਪ੍ਰਨਾਮ ਕੀਤਾ

ਅਤੇ ਉਸਨੇ ਉਨ੍ਹਾਂ ਨੂੰ ਕਿਹਾ, " ਚੇਲਿਆਂ ਨੂੰ ਕਿਹਾ ਕਿ ਉਹ ਮੈਨੂੰ ਗਲੀਲ ਵਿੱਚ ਮਿਲਣ।"

ਜਦ ਸਿਪਾਹੀਆਂ ਨੇ ਮਹਾਜਾਜਕ ਨੂੰ ਜੋ ਕੁਝ ਹੋਇਆ ਸੀ ਸਭ ਕੁਝ ਦੱਸ ਦਿੱਤਾ। ਫਿਰ ਮਹਾਜਾਜਕਾਂ ਨੇ ਨਿਸਚੇ ਕੀਤਾ ਕੇ ਸਿਪਾਹੀਆਂ ਨੂੰ ਬਹੁਤ ਸਾਰਾ ਧੰਨ ਦੇਣ , ਅਤੇ ਨਗਰ ਦੇ ਚਾਰੋ ਪਾਸੇ ਇਹ ਫੈਲਾ ਦੇਣ ਕੀ, ਜਦੋਂ ਉਹ ਸੁੱਤੇ ਪਏ ਸੀ ਤਾਂ ਉਸਦੇ ਚੇਲੇ ਉਹਦੀ ਲੋਥ ਚੋਰੀ ਕਰਕੇ ਲੈ ਗਏ। ਅਤੇ ਉਨ੍ਹਾਂ ਨੇ ਸਿਪਾਹੀਆਂ ਨੂੰ ਕਿਹਾ, ਕੇ ਜੇ ਪਿਲਾਤੂਸ ਤੁਹਾਨੂੰ ਪੁੱਛੇ ਕੀ ਤੁਸੀਂ ਸੁੱਤੇ ਪਏ ਸੀ ਤਾਂ ਤੁਹਾਨੂੰ ਅਸੀਂ ਬਚਾ ਲਵਾਂਗੇ।ਸਿਪਾਹੀਆਂ ਨੇ ਰਿਸ਼ਵਤ ਲੈ ਕੇ ਇਹ ਅਫਵਾਹ ਫੈਲਾ ਦਿੱਤੀ।

ਬਾਕੀ ਗਿਆਰਾਂ ਚੇਲੇ ਉਹ ਥਾਂ ਤੇ ਪਹੁੰਚੇ ਜਿੱਥੇ ਯਿਸੂ ਨੇ ਉਨ੍ਹਾਂ ਨੂੰ ਮਿਲਣ ਲਈ ਕਿਹਾ ਸੀ। ਤਦ ਉਨ੍ਹਾਂ ਨੇ ਉਸਨੂੰ ਦੇਖਿਆਂ ਅਤੇ ਉਸਨੂੰ ਪ੍ਰਣਾਮ ਕੀਤਾ। ਪਰ ਬਹੁਤਿਆਂ ਨੇ ਸ਼ੱਕ ਕੀਤਾ।

ਯਿਸੂ ਨੇ ਉਨ੍ਹਾਂ ਨੂੰ ਆਖਿਰੀ ਵਾਰ ਕਿਹਾ, ਸਵਰਗ ਅਤੇ ਧਰਤੀ ਦਾ ਸਾਰਾ ਅਧਿਕਾਰ ਮੈਨੂੰ ਦਿੱਤਾ ਗਿਆ ਹੈ। ਜਾਓ ਅਤੇ ਸਾਰੀਆਂ ਜਾਤੀਆਂ ਦੇ ਲੋਕਾਂ ਨੂੰ ਚੇਲਾ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਵੋ ਜੋ ਆਗਿਆਵਾਂ ਮੈਂ ਤੁਹਾਨੂੰ ਦਿੱਤੀਆਂ ਹਨ ਉਸਦਾ ਪਾਲਣ ਕਰਨਾ ਸਿਖਾਓ ਅਤੇ ਵੇਖੋਂ ਯੁਗ ਦੇ ਅੰਤ ਤਕ ਹਮੇਸਾਂ ਤੁਹਾਡੇ ਨਾਲ ਹਾਂ" ਆਮੀਨ।

1. ਅਰਮਤਿਯਾਹ ਦੇ ਯੂਸੁਫ ਨੇ ਪਿਲਾਤੂਸ ਤੋਂ ਕਿਹੜੀ ਆਗਿਆ ਲੈਣੀ ਪਈ?
2. ਫਰੀਸੀ ਕਿਹੜੀਆਂ ਗੱਲਾਂ ਤੋਂ ਡਰਦੇ ਸਨ ਤਿੰਨ ਦਿਨ ਵਿੱਚ ਯਿਸੂ ਦੀ ਲੋਥ ਨਾਲ ਕੀ ਹੋਵੇਗਾ ਅਤੇ ਕਿਉਂ?
3. ਸਭ ਤੋਂ ਪਹਿਲਾ ਯਿਸ਼ੂ ਨੂੰ ਦੇਖਣ ਲਈ ਕੌਣ ਆਇਆਂ ਉਨ੍ਹਾਂ ਇਸਤਰੀਆਂ ਨੇ ਕਬਰ ਤੇ ਕੀ ਦੇਖਿਆਂ?
4. ਜਦੋਂ ਉਹ ਚੇਲਿਆਂ ਨੂੰ ਦੱਸਣ ਲਈ ਜਾ ਰਹੀਆਂ ਸਨ ਤਾਂ ਉਨ੍ਹਾਂ ਦੀ ਮੁਲਾਕਾਤ ਕਿਸਦੇ ਨਾਲ ਹੋਈ?
5. ਯਿਸੂ ਨੇ ਚੇਲਿਆਂ ਦੇ ਨਾਲ ਮਿਲਣ ਦਾ ਕਿਹੜਾ ਸਥਾਨ ਚੁਣਿਆਂ?
6. ਪਰਬਤ ਉੱਤੇ ਯਿਸੂ ਨੇ ਬਹੁਤ ਮਹੱਤਵਪੂਰਨ ਕੰਮ ਸੋਪਿਆਂ ।ਯਿਸ਼ੂ ਦੇ ਸ਼ਬਦਾਂ ਵਿੱਚ ਲਿਖੋ" ਇਸ ਲਈ ਜਾਓ ਅਤੇ ਸਾਰੀਆਂ ਜਾਤੀਆਂ ਦੇ ਲੋਕਾਂ ਨੂੰ ...............ਬਣਾਓ। ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਲ ..............ਦੇਵੋ। ਅਤੇ ਜੋ ਅਗਿਆ ਮੈਂ ਤੁਹਾਨੂੰ ਦਿੱਤੀਆਂ ਹਨ ਉਨ੍ਹਾਂ ਦਾ ਪਾਲਣ ਕਰਨਾ.........ਅਤੇ ਵੇਖੋ ਯੁਗ ਦੇ ਅੰਤ ਤੀਕ ਸਦਾ ਤੁਹਾਡੇ ਨਾਲ ਹਾਂ।"

## ਆਤਮਿਕ ਸੱਚਾਈਆਂ -ਪਾਠ 7
## ਮੱਤੀ 27-26

1. ਯਿਸੂ ਅੱਜ ਵੀ ਜੀਉਂਦਾ ਹੈ। ਯਿਸੂ ਮਨੁੱਖ ਨਹੀਂ ਹੈ ਕੇ ਉਸਨੂੰ ਜੇਲ ਸੁੱਟ ਦਿੱਤਾ ਜਾਵੇ ਅਤੇ ਮਾਰ ਦਿੱਤਾ ਜਾਵੇ ਉਬ ਅਨੰਤ ਪਰਮੇਸ਼ੁਰ ਹੈ। ਉਹ ਬਿਨਾਂ ਕਿਸੇ ਆਰੰਭ ਦੇ ਅਤੇ ਅੰਤ ਦਾ ਹੈ। ਪਰਮੇਸ਼ੁਰ ਦੀ ਯੋਜਨਾ ਇਸ ਸੰਸਾਰ ਵਿੱਚ ਪੂਰੀ ਕਰਨ ਦੇ ਲਈ ਉਹ ਦਾਸ ਦਾ ਰੂਪ ਧਾਰ ਕੇ ਪ੍ਰਗਟ ਹੋਇਆ। ਇਹ ਉਸਦੀ ਇੱਛਾ ਸੀ ਕਿ ਉਸਨੂੰ ਸਲੀਬ ਤੇ ਚੜ੍ਹਾਇਆਂ ਜਾਵੇ ਅਤੇ ਉਸ ਪੀੜ੍ਹਾਂ ਵਿੱਚੋਂ ਲੰਘੇ।ਉਸਦੀ ਯੋਜਨਾ ਉਲਝਨ ਪੈਦਾ ਨਹੀਂ ਕਰਦੀ ਅਤੇ ਨਾ ਹੀ ਕੋਈ ਉਸਦੀ ਯੋਜਨਾ ਨੂੰ ਅਸਫਲ ਕਰ ਸਕਦਾ ਹੈ।ਉਹ ਹਮੇਸ਼ਾ ਹੀ ਪਰਮੇਸ਼ੁਰ ਰਹੇਗਾ।
2. ਫਰੀਸੀਆਂ ਨੇ ਯਿਸੂ ਦੇ ਕਥਨਾਂ ਤੇ ਵਿਸ਼ਵਾਸ ਇਥੋਂ ਤਕ ਕੀਤਾ ਸੀ ਕਿ ਉਸ ਦੇ ਮਰਨ ਦੇ ਬਾਅਦ ਉਨ੍ਹਾਂ ਨੇ ਸਿਹਾਪੀਆਂ ਨੂੰ ਕਬਰ ਤੇ ਤੈਨਾਤ ਕਰ ਦਿੱਤਾ ਕਿਉਂਕਿ ਉਸਨੇ ਤਿੰਨ ਦਿਨ ਬਾਦ ਜੀਅ ਉਠਣ ਦੀ ਵਾਚਾ ਕੀਤੀ ਸੀ। ਉਨ੍ਹਾਂ ਨੇ ਸਿਪਾਹੀਆਂ ਦੀਆਂ ਗੱਲਾਂ ਤੇ ਵਿਸ਼ਵਾਸ ਨਹੀਂ ਕੀਤਾ।ਜਦ ਉਨ੍ਹਾਂ ਨੇ ਕਿਹਾ ਕਿ ਯਿਸੂ ਜੀਅ ਉੱਠਿਆਂ ਹੈ। ਇੱਥੋ ਤਜ ਹੀ ਉਨ੍ਹਾਂ ਨੇ ਝੂਠ ਮਾਰਨ ਲਈ ਸਿਪਾਹੀਆਂ ਨੂੰ ਧੰਨ ਵੀ ਦਿੱਤਾ ਅਤੇ ਇਹ ਹੀ ਉਹ ਲੋਕ ਸਨ।ਜਦੋਂ ਯੂਹੰਨਾ ਯਿਸੂ ਨੂੰ ਬਪਤਿਸਮਾ ਦੇ ਰਿਹਾ ਸੀ ਤਦ ਵੀ ਉਹ ਉੱਥੇ ਹਾਜ਼ਿਰ ਸਨ। ਅਤੇ ਉਨ੍ਹਾਂ ਨੇ ਇਸ ਆਵਾਜ਼ ਨੂੰ ਸੁਣਿਆਂ ਸੀ " ਇਹ ਮੇਰਾ ਪੁੱਤਰ ਹੈ ਇਸ ਤੋਂ ਮੈਂ ਖੁਸ਼ ਹਾਂ।" ਉਨ੍ਹਾਂ ਨੇ ਯਿਸੂ ਦੇ ਅਚਰਜਕਰਮਾਂ ਨੂੰ ਵੇਖਿਆਂ ਸੀ। ਉਹ ਉਸਦੇ ਨਾਲ ਬਹੁਤ ਗੁੱਸੇ ਸਨ ਜਦ ਉਸਨੇ ਸਬਤ ਵਾਲੇ ਦਿਨ ਸੁੱਕੇ ਹੱਥ ਵਾਲੇ ਮਨੁੱਖ ਨੂੰ ਚੰਗਾ ਕੀਤਾ। ਉਸਨੇ ਬਹੁਤ ਸਾਰੀਆਂ ਦੁਸ਼ਟ ਆਤਮਾਵਾਂ ਨੂੰ ਕੱਢਿਆਂ ਅਤੇ ਲੋਕਾਂ ਦੇ ਪਾਪਾਂ ਨੂੰ ਮਾਫ ਕੀਤਾ ਅਤੇ ਹੋ ਸਕਦਾ ਹੈ ਫਰੀਸੀਆਂ ਨਾਲੋਂ ਅਧਿਕ ਕੋਈ ਵੀ ਯਿਸੂ ਦੇ ਜੀਵਨ ਤੇ ਉਸਦੇ ਸੰਦੇਸ਼ ਦੇ ਬਾਰੇ ਨਾ ਜਾਣਦਾ ਹੋਵੇ । ਲੇਕਿਨ ਇਹ ਉਹੀ ਲੋਕ ਸਨ ਜਦੋਂ ਯਿਸੂ ਦਾ ਪ੍ਰੇਮ ਇਨ੍ਹਾਂ ਤੇ ਪ੍ਰਗਟ ਹੋਇਆਂ, ਤਦ ਵੀ ਉਨ੍ਹਾਂ ਨੇ ਉਸਨੂੰ ਗ੍ਰਹਿਣ ਨਹੀਂ ਕੀਤਾ। ਉਨ੍ਹਾਂ ਨੇ ਆਪਣੇ ਪਾਪਾਂ ਤੋਂ ਤੌਬਾ ਨਹੀਂ ਕੀਤੀ ਅਤੇ ਨਾ ਹੀ ਆਪਣਾ ਜੀਵਨ ਯਿਸੂ ਦੇ ਕਾਬੂ ਵਿੱਚ ਦਿੱਤਾ। ਯਿਸੂ ਨਾਲ ਸੰਬੰਧ ਰੱਖਣਾ, ਵਿਸਵਾਸ਼ ਕਰਨਾ, ਉਸਦੇ ਬਾਰੇ ਜਾਣਨ ਦੇ ਲਈ ਬਹੁਤ ਵੱਧਕੇ ਹੈ।ਯਿਸੂ ਦੀ ਇੱਛਾ ਸਾਡੇ ਜੀਵਨ ਵਿੱਚ ਇਹ ਹੈ ਕੇ ਅਸੀਂ ਪਾਪਾਂ ਤੋਂ ਤੌਬਾ ਕਰੀਏ ਅਤੇ ਉਸਤੇ ਵਿਸ਼ਵਾਸ ਕਰੀਏ ਅਤੇ ਆਪਣਾ ਜੀਵਨ ਉਸ ਨੂੰ ਦੇ ਦਈਏ। ਉਹ ਸਾਡੇ ਜੀਵਨ ਦਾ ਪ੍ਰਭੂ ਹੋਣਾ ਚਾਹੁੰਦਾ ਹੈ। ਹਰੇਕ ਦਿਨ ਉਹ ਸਾਡੇ ਜੀਵਨ ਨੂੰ ਆਪਣੇ ਕਾਬੂ ਵਿੱਚ ਰੱਖਣਾ ਚਾਹੁੰਦਾ ਹੈ।
3. ਯਿਸੂ ਕੌਣ ਹੈ?

= ਯਿਸੁ ਇੱਕ ਕੁੰਵਾਰੀ ਤੋਂ ਪੈਂਦਾ ਹੋਇਆ ਸੀ

- ਯਿਸੂ ਨੇ ਦਾਵਾ ਕੀਤਾ ਕਿ ਉਹ ਪਰਮੇਸ਼ੁਰ ਸੀ?
- ਯਿਸੂ ਨੇ ਬਹੁਤ ਸਾਰੇ ਅਚਰਜਕਰਮ ਕੀਤੇ ਅਤੇ ਜਿਨ੍ਹਾਂ ਨੇ ਤੌਬਾ ਕੀਤੀ ਉਸਨੇ ਉਨ੍ਹਾਂ ਦੇ ਪਾਪਾਂ ਨੂੰ ਮਾਫ ਕੀਤਾ।
- ਯਿਸੂ ਨੇ ਆਪਣਾ ਜੀਵਨ ਸਲੀਬ ਤੇ ਦੇ ਕੇ ਨਿਆਈ ਪਰਮੇਸ਼ੁਰ ਦੇ ਸਾਹਮਣੇ ਸਾਡੇ ਜੀਵਨ ਦੇ ਪਾਪਾਂ ਦੀ ਕੀਮਤ ਚੁਕਾਈ।
- ਯਿਸੂ ਮੁਰਦਿਆਂ ਵਿੱਚ ਜੀਅ ਉੱਠਿਆਂ ਅਤੇ ਅੱਜ ਵੀ ਜੀਵਿਤ ਹੈ।
- ਯਿਸੂ ਮੇਰੇ ਤੋਂ ਚਾਹੁੰਦਾ ਹੈ ਕਿ ਮੈਂ ਆਪਣੇ ਪਾਪਾਂ ਤੋਂ ਮਾਫੀ ਮੰਗਾਂ ਅਤੇ ਆਪਣਾ ਜੀਵਨ ਉਸਨੂੰ ਦੇ ਦੇਵਾਂ।

  ਬਾਈਬਲ ਸਾਨੂੰ ਦੱਸਦੀ ਹੈ ਕਿ ਯਿਸੂ ਨੇ ਆਪਣੀ ਜਾਨ ਇਸ ਲਈ ਨਹੀਂ ਦਿੱਤੀ ਕਿ ਸਾਡੇ ਲਈ ਸਿਰਫ

ਇੱਕ ਨਮੂਨਾ ਬਣ ਜਾਵੇ ਪਰੰਤੂ ਇਸ ਲਈ ਕਿ ਉਹ ਸਾਡੀ ਸ਼ਰਨਸਥਾਨ ਬਣ ਜਾਵੇ ਅਸੀਂ ਪਰਮੇਸ਼ੁਰ ਦਾ ਸਾਹਮਣਾ ਕਰਨ ਤੋਂ ਬਚ ਜਾਈਏ।
ਬਾਈਬਲ ਕਹਿੰਦੀ ਹੈ " ਜੋ ਯਿਸੂ ਦਾ ਨਾਮ ਲਵੇਗਾ ਉਹ ਬਚ ਜਾਵੇਗਾ (ਰੋਮੀਆਂ 10:13)

- ਇਸ ਦਾ ਅਰਥ ਇਹ ਹੈ ਯਿਸੂ ਸਾਡੇ ਪੁਰਾਣੇ ਜੀਵਨ ਨੂੰ ਨਹੀਂ ਦੇਖਦਾ। ਮੈਂ ਯਿਸੂ ਨੂੰ ਆਪਣੇ ਜੀਵਨ ਵਿੱਚ ਬੁਲਾਵਾ ਦੇ ਸਕਦਾ ਹਾਂ ਉਹ ਮੇਰੇ ਪਾਪਾਂ ਨੂੰ ਮਾਫ ਕਰੇ ਅਤੇ ਮੈਂ ਉਸ ਵਿੱਚ ਆਪਣੀ ਨਵਾਂ ਜੀਵਨ ਬੀਤਾਵਾਂ।
- ਇਸਦਾ ਮਤਲਭ ਇਹ ਹੋਇਆਂ ਜਿਸ ਵਕਤ ਯਿਸੂ ਸਾਡੇ ਦਿਲ ਦੇ ਅੰਦਰ ਆਉਂਦਾ ਹੈ ਤਦ ਸਾਡੇ ਭੂਤਕਾਲ, ਅਤੇ ਭਵਿੱਖਕਾਲ ਦੇ ਪਾਪ ਪਰਮੇਸ਼ੁਰ ਦੇ ਸਾਹਮਣੇ ਮਾਫ ਹੋ ਜਾਂਦੇ ਹਨ। ਇਹ ਇਸ ਲਈ ਨਹੀ ਕੇ ਅਸੀਂ ਕੁਝ ਚੰਗਾ ਕੀਤਾ ਹੈ, ਨਾ ਇਹ ਕੀ ਮੈਂ ਬਹੁਤ ਚੰਗਾ ਵਿਅਕਤੀ ਹਾਂ, ਨਾ ਇਸ ਲਈ ਕਿ ਮੇਰੇ ਮਾਤਾ ਪਿਤਾ ਕਿਸੀ ਚੰਗੀ

ਜਾਤ ਨਾਲ ਸੰਬੰਧ ਰੱਖਦੇ ਹਨ।ਲੇਕਿਨ ਇਹ ਇਹ ਲਈ ਹੈ ਕਿ ਮੈਂ ਪ੍ਰਭੂ ਯਿਸੂ ਮਸੀਹ ਦੇ ਬਲੀਦਾਨ ਨੂੰ ਜੋ ਉਸ ਨੇ ਸਲੀਬ ਤੇ ਦਿੱਤਾ ਧਾਰਨ ਕੀਤਾ ਹੈ।

- ਇਸ ਦਾ ਮਤਲਬ ਇਹ ਹੋ ਗਿਆ ਕਿ ਮੈਂ ਪਰਮੇਸ਼ੁਰ ਦੀ ਨਜ਼ਰ ਵਿੱਚ ਨਿਰਦੋਸ਼ ਅਤੇ ਪਵਿੱਤਰ ਹੋ ਗਿਆ। ਬਾਈਬਲ ਦੱਸਦੀ ਹੈ ਹੈ ਕਿ ਪਾਪ ਦੀ ਸਜ਼ਾ ਤਾਂ ਮੌਤ ਹੈ ਲੇਕਿਨ ਪ੍ਰਭੂ ਦੀ ਮੌਤ ਮੈਨੂੰ ਨਵਾਂ ਇਨਸਾਨ ਬਣਾਉਣ ਲਈ ਕਾਫੀ ਹੈ।ਜੇ ਮੈਂ ਪ੍ਰਭੂ ਦੇ ਪਿੱਛੇ ਚੱਲਣਾ ਦਾ ਫੈਸਲਾ ਕਰਦਾ ਹਾਂ ਜੇ ਤੁਸੀਂ ਪਰਮੇਸ਼ੁਰ ਦੀ ਮਾਫੀ ਆਪਣੇ ਜੀਵਨ ਵਿੱਚ ਚਾਹੁੰਦੇ ਹੋ ਅਤੇ ਉਸਦਾ ਅਨੁਆਈ ਹੋਣਾ ਚਾਹੁੰਦੇ ਹੋ ਤਾਂ ਉਸਨੂੰ ਕਹੀਏ, "ਇਹ ਵਕਤ ਹੀ ਮੇਰੇ ਦਿਲ ਵਿੱਚ ਆ ਜਾ" ਇਹ ਕਰਨ ਲਈ ਕਿਸੇ ਖਾਸ ਥਾਂ ਜਾਂ ਸ਼ਬਦਾਂ ਦੀ ਲੋੜ ਨਹੀਂ, ਮਹੱਤਵਪੂਰਨ ਗੱਲ ਇਹ ਹੈ ਕੇ ਤੁਸੀਂ ਪਰਮੇਸ਼ੁਰ ਦੇ ਕੋਲ ਜਾਓ ਅਤੇ ਇਹ ਘੋਸ਼ਨਾ ਕਰੋ ਕਿ ਯਿਸੂ ਪਰਮੇਸ਼ੁਰ ਹੈ ਉਸਨੂੰ ਆਂਪਣੇ ਜੀਵਨ ਦਾ ਨਿਯੰਤਰਣ ਸੌਂਪਦੇ ਹਾਂ।

ਜੇ ਤੁਸੀਂ ਚਾਹੋ ਤਾਂ ਇਸ ਤਰਾਂ ਨਾਲ ਪ੍ਰਰਾਥਨਾ ਕਰ ਸਕਦੇ ਹੋ।

" ਹੇ ਪਿਤਾ, ਤੁਸੀਂ ਜਾਣਦੇ ਹੋ ਕਿ ਮੈਂ ਪਾਪੀ ਹਾਂ। ਮੇਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਨੇ ਆਪਣਾ ਜਾਨ ਸਲੀਬ ਉੱਤੇ ਮੇਰੇ ਲਈ ਦਿੱਤੀ ਅਤੇ ਮੈਨੂੰ ਪਾਪਾਂ ਤੋਂ ਬਚਾਉਣ ਲਈ ਜੀ ਉੱਠਿਆਂ ਮੈਂ ਆਪਣੇ ਪਾਪਾਂ ਤੋਂ ਤੌਬਾ ਕਰਦਾ ਹਾਂ। ਮੇਰੇ ਜੀਵਨ ਵਿੱਚ ਆ ਜਾ ਅਤੇ ਮੇਰੇ ਪਾਪਾਂ ਨੂੰ ਮਾਫ ਕਰ, ਮੈਂ ਆਪਣਾ ਜੀਵਨ ਤੈਨੂੰ ਸੌਂਪਦਾ ਹਾਂ। ਧੰਨਵਾਦ ਉਸ ਪ੍ਰੇਮ ਲਈ ਜੋ ਤੁਸੀਂ ਮੇਰੇ ਨਾਲ ਕੀਤਾ ਹੈ, ਯਿਸੂ ਦੇ ਨਾਮ ਵਿੱਚ ।ਆਮੀਨ"

4. ਅਤੇ ਵੇਖੋ

" ਜਗਤ ਦੇ ਅੰਤ ਤਕ ਮੈਂ ਹਮੇਸਾ ਤੁਹਾਡੇ ਨਾਲ ਹਾਂ"

ਯੂਹੰਨਾ 14:13 ਵਿੱਚ ਬਾਈਬਲ ਦੱਸਦੀ ਹੈ" ਮੇਰੇ ਪਿਤਾ ਦੇ ਘਰ ਵਿੱਚ ਰਹਿਣ ਲਈ ਬਹੁਤ ਸਾਰੇ ਸਥਾਨ ਹਨ। ਜੇ ਨਾ ਹੁੰਦੇ ਤਾਂ ਮੈਨੂੰ ਤੈਨੂੰ ਕਹਿ ਦਿੰਦਾ। ਕਿਉਂਕਿ ਮੈਂ ਤੁਹਾਡੇ ਲਈ ਜਗ੍ਹਾਂ ਤਿਆਰ ਕਰਨ ਲਈ ਜਾਂਦਾ ਹਾਂ ਅਤੇ ਜਾਵਾਂ ਤੇ ਤੁਹਾਡੇ ਲਈ ਜਗ੍ਹਾਂ ਤਿਆਰ ਕਰਾਂ, ਫਿਰ ਆ ਕੇ ਤੁਹਾਨੂੰ ਲੈ ਜਾਵਾਂ ਜਿੱਥੇ ਮੈਂ ਰਹਾਂ ਤੁਸੀਂ ਵੀ ਉੱਥੇ ਰਹੋ "
ਯਿਸੂ ਨੇ ਹਰੇਕ ਨਾਲ ਵਾਅਦਾ ਕੀਤਾ ਹੈ ਕਿ ਜੋ ਕੋਈ ਉਸਨੂੰ ਆਪਣਾ ਜੀਵਨ ਦੇਵੇਗਾ, ਉਹ ਉਸਦੇ ਨਾਲ ਅਨੰਤਕਾਲ ਤਕ ਸਵਰਗ ਵਿੱਚ ਜੀਵਨ ਬੀਤਾਏਗਾ, ਸਵਰਗ ਪਿਤਾ ਦਾ ਘਰ ਹੈ। ਇੱਕ ਵਾਰ ਜਦੋਂ ਅਸੀਂ ਯਿਸੂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰ ਲੈਂਦੇ ਹਾਂ ਤਦ ਅਸੀਂ ਉਸਦੇ ਨਾਲ ਆਨੰਤ ਜੀਵਨ ਵਿੱਚ ਵੀ ਸਹਿਭਾਗੀ ਹੋਵਾਂਗੇ। ਇਸਦਾ ਅਰਥ ਇਹ ਹੈ ਕਿ ਯਿਸੂ ਸਾਡੇ ਨਾਲ ਧਰਤੀ ਤੇ ਹੋਵੇਗਾ, ਜਦ ਅਸੀਂ ਮਰ ਵੀ ਜਾਵਾਂਗੇ , ਤਾਂ ਵੀ ਸਵਰਗ ਵਿੱਚ ਉਸਦੇ ਨਾਲ ਆਨੰਤ ਜੀਵਨ ਬੀਤਾਵਾਂਗੇ।

*ਜੋ ਪ੍ਰੇਮ ਯਿਸੂ ਸਾਨੂੰ ਕਰਦਾ ਹੈ, ਉਹ ਕਦੀ ਖਤਮ ਨਹੀਂ ਹੁੰਦਾ।*

---------------------------------------------